# ਪਾਕਿਸਤਾਨੀ

(ਕਹਾਣੀ-ਸੰਗ੍ਰਹਿ)

# ਪਾਕਿਸਤਾਨੀ

## (ਕਹਾਣੀ-ਸੰਗ੍ਰਹਿ)

**ਮੁਹੰਮਦ ਇਮਤਿਆਜ਼**

*Fiction/Short Stories*

ISBN : 978-93-83296-68-2

**Pakistani (Punjabi Short Stories)**

***by***

**Muhammad Imtiaz**
H.No. 79, Ist Floor
Model Town, Phase 1, Bhatinda
Mob: +91 89680-62521

2019
Published by Lokgeet Parkashan
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429, 4027552

© *2019*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

*ਮੇਰੀ ਮਰਹੂਮ ਮੰਮੀ (ਮਾਂ) ਤੇ ਬੇਬੇ (ਦਾਦੀ) ਨੂੰ,*
*ਜਿੰਨ੍ਹਾਂ ਦੀਆਂ ਜ਼ਿੰਦਗੀਆਂ 'ਚੋਂ ਮੈਨੂੰ ਆਪਣੀਆਂ*
*ਪਹਿਲੀਆਂ ਕਹਾਣੀਆਂ ਮਿਲੀਆਂ*

# ਤਤਕਰਾ


| | | |
|---|---|---|
| 1. | ਪਾਕਿਸਤਾਨੀ | 1 |
| 2. | ਅਧੂਰੀ ਕਹਾਣੀ | 5 |
| 3. | ਉਡਾਰੀ | 9 |
| 4. | ਸਿਰ ਦਾ ਸਾਈਂ | 12 |
| 5. | ਪੁਰਾਣੇ ਦਿਨ | 19 |
| 6. | ਚਾਨਣ ਦੀ ਲੋਅ | 23 |
| 7. | ਸਿਪਾਹੀ | 28 |
| 8. | ਗਵਾਚਿਆ ਡੱਬੂ | 32 |
| 9. | ਚਾਦਰ | 35 |
| 10. | ਪਸੀਨੇ ਦੀ ਬਦਬੂ | 39 |
| 11. | ਤੁਰ੍ਹਲੇ ਵਾਲੀ ਪੱਗ | 42 |
| 12. | ਛੁਪਿਆ ਰੁਸਤਮ | 46 |
| 13. | ਬੁੱਚੜਖਾਨਾ | 49 |
| 14. | ਰਿਕਸ਼ੇਵਾਲਾ | 52 |
| 15. | ਚੰਡੀਗੜ੍ਹੀਅਨ | 54 |
| 16. | ਟਿਪ | 58 |
| 17. | ਜਮੀਲਾਂ | 62 |
| 18. | ਨਵੇਂ ਗੁਆਂਢੀ | 65 |
| 19. | ਵਿਹਲ | 69 |
| 20. | ਕਲੋਨੀ | 72 |
| 21. | ਵਾਪਸੀ | 74 |
| 22. | ਹੱਥ ਦਾ ਛਾਲਾ | 77 |

# ਪਾਕਿਸਤਾਨੀ

ਫੋਨ ਦਾ ਰਿਸੀਵਰ ਰੱਖਦਿਆਂ ਹੀ ਜਾਵੇਦ ਕੁਰਸੀ ਤੇ ਨਿਢਾਲ ਜਿਹਾ ਹੋ ਕੇ ਬੈਠ ਗਿਆ। ਥੋੜ੍ਹੀ ਦੇਰ ਬਾਅਦ ਉਸਨੇ ਆਪਣੇ ਗੁੱਟ ਤੇ ਲੱਗੀ ਘੜੀ ਵੱਲ ਵੇਖਿਆ। "ਦਾਦਰ ਐਕਸਪ੍ਰੈਸ ਤਾਂ ਕੋਈ ਸਾਢੇ ਬਾਰਾਂ-ਇੱਕ ਵਜੇ ਪਹੁੰਚੂ!" ਸੋਚ ਉਹ ਬੇਫਿਕਰ ਜਿਹਾ ਹੋ ਗਿਆ। ਥੋੜ੍ਹੀ ਦੇਰ ਬਾਅਦ ਉਸਨੇ ਅਖ਼ਬਾਰ ਚੁੱਕ ਲਿਆ। ਸਾਰਾ ਅਖ਼ਬਾਰ ਤਾਂ ਉਹ ਪਹਿਲਾਂ ਹੀ ਪੜ੍ਹ ਚੁੱਕਿਆ ਸੀ। ਪਿੱਛੋਂ ਸ਼ੁਰੂ ਕਰ ਅਖ਼ਬਾਰ ਦੇ ਪੰਨੇ ਫਰੋਲਦਿਆਂ ਉਹ ਪਹਿਲੇ ਪੰਨੇ ਤੇ ਪਹੁੰਚ ਗਿਆ। ਬਾਬਰੀ ਮਸਜਿਦ ਦਾ ਮੁੱਦਾ, ਕਸ਼ਮੀਰ ਦਾ ਰੌਲਾ, ਓਸਾਮਾ-ਬਿਨ-ਲਾਦੇਨ ਦੀ ਦਹਿਸ਼ਤਗਰਦੀ! ਸੁਰਖ਼ੀਆਂ ਦੀਆਂ ਸੁਰਖੀਆਂ ਨੇ ਉਸਦੇ ਮਨ ਨੂੰ ਬੇਚੈਨ ਕਰ ਦਿੱਤਾ। ਦੰਦ ਕਿਰਚਦਿਆਂ ਉਸਨੇ ਅਖ਼ਬਾਰ ਤੋੜ-ਮਰੋੜ ਕੇ ਪਰ੍ਹਾਂ ਵਗਾਹ ਮਾਰਿਆ।

"ਸਮਝ ਨੀ ਆਉਂਦੀ ਟਾਇਮ ਕਿਵੇਂ ਪਾਸ ਕਰਾਂ!" ਸੋਚਦਿਆਂ ਉਹ ਇਧਰ-ਉਧਰ ਵੇਖਣ ਲੱਗ ਪਿਆ। ਉਸਨੂੰ ਆਪਣੇ ਕਰਨ ਲਈ ਕੋਈ ਕੰਮ ਨਾ ਲੱਭਿਆ। ਲਗਭਗ ਆਪਣਾ ਸਾਰਾ ਕੰਮ ਤਾਂ ਉਹ ਪਹਿਲਾਂ ਹੀ ਨਿਪਟਾ ਚੁੱਕਿਆ ਸੀ।

ਸਵੇਰੇ ਉੱਠ ਕੇ ਉਸਨੇ ਫਜਰ ਦੀ ਨਮਾਜ਼ ਪੜ੍ਹੀ ਸੀ। ਫਿਰ ਥੋੜ੍ਹੀ ਜਿਹੀ ਕਸਰਤ ਕਰਨ ਤੋਂ ਬਾਅਦ ਨਹਾ ਧੋ ਕੇ ਕੱਪੜੇ ਪਾਏ। ਨਾਸ਼ਤਾ ਕਰਨ ਤੋਂ ਬਾਅਦ ਅਖ਼ਬਾਰ ਪੜ੍ਹਕੇ ਹਾਲੀਂ ਕੁਰਸੀ ਨਾਲ ਢਾਹ ਲਾ ਕੇ ਬੈਠਿਆ ਹੀ ਸੀ ਕਿ ਟੈਲੀਫੋਨ ਦੀ ਘੰਟੀ ਵੱਜ ਪਈ। ਢਿੱਲੋਂ ਦਾ ਫੋਨ ਸੀ। ਅੱਜ ਉਹ ਦਾਦਰ ਐਕਸਪ੍ਰੈਸ ਰਾਹੀਂ ਉਸਨੂੰ ਮਿਲਣ ਮਲੇਰਕੋਟਲੇ ਆ ਰਿਹਾ ਸੀ। ਜਾਵੇਦ ਨੇ ਉਸਨੂੰ ਸਟੇਸ਼ਨ ਤੋਂ ਲੈਣ ਜਾਣਾ ਸੀ।

ਐਤਵਾਰ ਹੋਣ ਕਰਕੇ ਅੱਜ ਕਲੀਨਿਕ ਵੀ ਬੰਦ ਸੀ। ਅੰਮੀ ਅਤੇ ਨਾਵੇਦ ਬਾਹਰ ਗਏ ਹੋਏ ਸਨ। ਇਸੇ ਕਰਕੇ ਜਾਵੇਦ ਨੂੰ ਬੋਰੀਅਤ ਮਹਿਸੂਸ ਹੋ ਰਹੀ ਸੀ।

ਅਖ਼ੀਰ ਜਦੋਂ ਉਸਨੂੰ ਕੁਝ ਵੀ ਨਾ ਸੁੱਝਿਆ ਤਾਂ ਉਸਨੇ ਕੁਰਸੀ ਦੀ ਪਿੱਠ ਦੇ ਉਪਰਲੇ ਪਾਸੇ ਪਿੱਛੇ ਵੱਲ ਨੂੰ ਸਿਰ ਸੁੱਟ ਕੇ ਅੱਖਾਂ ਬੰਦ ਕਰ ਲਈਆਂ। ਉਸਦੇ ਸਾਹਮਣੇ ਢਿੱਲੋਂ ਦਾ ਚਿਹਰਾ ਘੁੰਮਣ ਲੱਗਿਆ। ਗੋਰਾ ਰੰਗ, ਗੋਲ ਚਿਹਰਾ, ਹਲਕੀਆਂ-ਹਲਕੀਆਂ ਦਾੜ੍ਹੀ-ਮੁੱਛਾਂ, ਲੰਮਾ ਕੱਦ! ਸ਼ੌਕੀਨ ਵੀ ਅੰਤਾਂ ਦਾ! ਅੱਧਾ-ਅੱਧਾ ਘੰਟਾ ਤਾਂ ਉਹ ਪੱਗ ਦੇ ਪੇਚਾਂ ਤੇ ਹੀ ਲਾ ਛੱਡਦਾ! ਉਸਦਾ ਪੂਰਾ ਨਾਂ ਤਾਂ ਮਨਦੀਪ ਸਿੰਘ ਢਿੱਲੋਂ ਸੀ, ਪਰ ਸਾਰਾ ਹੋਸਟਲ ਉਸਨੂੰ 'ਢਿੱਲੋਂ ਸਾਹਬ' ਕਹਿ ਕੇ ਬੁਲਾਉਂਦਾ ਸੀ। ਜਾਵੇਦ ਤਾਂ ਉਸਨੂੰ ਸਿਰਫ਼ 'ਢਿੱਲੋਂ' ਹੀ ਕਹਿੰਦਾ ਸੀ। ਉਹ ਵੀ ਜਾਵੇਦ ਨੂੰ ਜਾਵੇਦ ਫਾਰੂਕੀ ਦੀ ਥਾਂ 'ਜਾਵੇਦ ਮੀਆਂਦਾਦ' ਕਿਹਾ ਕਰਦਾ ਸੀ। ਕਈ ਵਾਰ 'ਪਾਕਿਸਤਾਨੀ' ਵੀ ਕਹਿ ਦਿੰਦਾ ਸੀ।

'ਪਾਕਿਸਤਾਨੀ' ਸ਼ਬਦ ਧਿਆਨ ਵਿੱਚ ਆਉਂਦਿਆਂ ਹੀ ਜਾਵੇਦ ਦੀਆਂ ਅੱਖਾਂ ਫੱਟ ਖੁੱਲ੍ਹ ਗਈਆਂ। ਉਸਨੇ ਕਦੇ ਵੀ ਢਿੱਲੋਂ ਦੇ ਇਸ ਸ਼ਬਦ ਤੇ ਗੁੱਸਾ ਨਹੀਂ ਸੀ ਕੀਤਾ। ਪਰ ਜਦੋਂ ਕੋਈ ਹੋਰ ਉਸਨੂੰ ਪਾਕਿਸਤਾਨੀ ਕਹਿੰਦਾ ਤਾਂ ਉਸਨੂੰ ਗੁੱਸਾ ਚੜ੍ਹ ਜਾਂਦਾ। ਪਰ ਉੱਪਰੋਂ-ਉੱਪਰੋਂ ਉਹ ਮਜ਼ਾਕੀਆਂ ਚਿਹਰਾ ਬਣਾਉਣ ਦੀ ਕੋਸ਼ਿਸ਼ ਕਰਦਾ।

ਅਸਲ ਵਿੱਚ ਢਿੱਲੋਂ ਤੋਂ ਇਲਾਵਾ ਬਾਕੀ ਸਾਰੇ ਖੁੰਧਕ ਖਾ ਕੇ ਉਸਨੂੰ ਅਜਿਹੇ ਸ਼ਬਦ ਬੋਲਦੇ ਸਨ। ਕਦੇ ਉਹ ਮਰਦ ਨੂੰ ਚਾਰ ਵਿਆਹਾਂ ਦੇ ਅਧਿਕਾਰ ਤੇ ਟਿੱਪਣੀ ਕਰਦੇ ਅਤੇ ਕਦੇ ਇਸਲਾਮ ਦੇ ਕਿਸੇ ਹੋਰ ਨਿਯਮ ਦਾ ਮਜ਼ਾਕ ਉਡਾਉਂਦੇ। ਅਜਿਹੇ ਵਰਤਾਓ ਕਾਰਨ ਜਾਵੇਦ ਦਾ ਹੋਸਟਲ ਵਿੱਚ ਦਿਲ ਨਾ ਲੱਗਦਾ, ਤੇ ਉਹ ਘਰ ਵਾਪਿਸ ਆ ਜਾਂਦਾ। ਪਰ ਉਸਦੀ ਅੰਮੀ ਉਸਨੂੰ ਬਹੁਤ ਸਮਝਾਉਂਦੀ, "ਪੁੱਤ, ਮੈਡੀਕਲ ਕਾਲਜਾਂ ਵਿੱਚ ਦਾਖਲੇ ਕਿਹੜਾ ਆਸਾਨੀ ਨਾਲ ਮਿਲਦੇ ਨੇ! ਮਸਾਂ ਤਾਂ ਤੈਨੂੰ ਐਮ. ਬੀ. ਬੀ. ਐਸ. ਵਿੱਚ ਦਾਖਲਾ ਮਿਲਿਐ! ਨਾ ਮੇਰਾ ਪੁੱਤਰ, ਸ਼ੇਰ ਬਣ! ਲੋਕਾਂ ਦਾ ਕੀ ਐ, ਇਹ ਤਾਂ ਕੁਸ਼ ਨਾ ਕੁਸ਼ ਕਹਿੰਦੇ ਈ ਰਹਿੰਦੇ ਨੇ! ਜੇ ਤੂੰ ਏਸ ਤਰ੍ਹਾਂ ਢੇਰੀ ਢਾਹ ਲੇਂਗਾ, ਤਾਂ ਤੇਰੇ ਮਰੇ ਬਾਪ ਦਾ ਸੁਪਨਾ ਕਿਵੇਂ ਪੂਰਾ ਕਰੇਂਗਾ?" ਜਾਵੇਦ ਵੀ ਵਗੈਰ ਸਿਰ ਦੇ ਸਾਈਂ ਵਾਲੀ ਮਾਂ ਤੇ ਛੋਟੇ ਜਿਹੇ ਨਾਵੇਦ ਵੱਲ ਵੇਖ ਕੇ ਪਿਘਲ ਜਾਂਦਾ ਤੇ ਵਾਪਿਸ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਵਿੱਚ ਚਲਿਆ ਜਾਂਦਾ।

ਜਦੋਂ ਕਦੇ ਭਾਰਤ ਅਤੇ ਪਾਕਿਸਤਾਨ ਦਾ ਕ੍ਰਿਕੇਟ ਮੈਚ ਹੁੰਦਾ, ਤਾਂ ਹੋਸਟਲ ਦਾ ਟੀ.ਵੀ. ਰੂਮ ਭਰਿਆ ਪਿਆ ਹੁੰਦਾ। ਸਾਰੇ ਮੁੰਡੇ ਡਟ ਕੇ ਭਾਰਤ ਦਾ ਪੱਖ ਲੈਂਦੇ। ਜਾਵੇਦ ਵੀ ਉਹਨਾਂ ਦੀ ਹਮਦਰਦੀ ਪ੍ਰਾਪਤ ਕਰਨ ਲਈ ਅਤੇ ਆਪਣੀ ਦੇਸ਼-ਭਗਤੀ ਦਿਖਾਉਣ ਲਈ ਉੱਚੀ-ਉੱਚੀ ਬੋਲ ਕੇ ਭਾਰਤ ਦਾ ਪੱਖ ਪੂਰਦਾ। ਪਰ ਸਾਰੇ ਮੁੰਡੇ ਉਸਦੀਆਂ ਭਾਵਨਾਵਾਂ ਦੀ ਪਰਵਾਹ ਕੀਤੇ ਬਿਨਾ ਪਾਕਿਸਤਾਨੀ ਖਿਡਾਰੀਆਂ ਨੂੰ 'ਮੁਸਲੇ' ਕਹਿ ਕੇ ਗਾਲ੍ਹਾਂ ਕੱਢਦੇ। ਸੁਣਕੇ ਜਾਵੇਦ ਦੁਖੀ ਤਾਂ ਬਹੁਤ ਹੁੰਦਾ, ਪਰ ਪੂਰੇ ਕਾਲਜ ਵਿੱਚ ਇੱਕਲਾ ਮੁਸਲਮਾਨ ਹੋਣ ਕਰਕੇ ਚੁੱਪ ਕਰ ਜਾਂਦਾ। ਪਰ ਦਿਲੋਂ ਉਹ ਚਾਹੁੰਦਾ ਕਿ ਭਾਰਤ ਪਾਕਿਸਤਾਨ ਕੋਲੋਂ ਬੁਰੀ ਤਰ੍ਹਾਂ ਨਾਲ ਹਾਰ ਜਾਵੇ। ਇਸ ਤਰ੍ਹਾਂ ਹੌਲੀ-ਹੌਲੀ ਉਹ ਭਾਰਤੀ ਸਮਰਥਕ ਤੋਂ ਕੱਟੜ ਪਾਕਿਸਤਾਨੀ ਸਮਰਥਕ ਬਣ ਗਿਆ।

ਪੂਰੇ ਹੋਸਟਲ ਵਿੱਚ ਢਿੱਲੋਂ ਹੀ ਉਸਦੇ ਜਜ਼ਬਾਤਾਂ ਨੂੰ ਸਮਝਦਾ ਸੀ। ਢਿੱਲੋਂ ਗੁਰਦਾਸਪੁਰ ਦੇ ਇੱਕ ਮੱਧ-ਸ਼੍ਰੇਣੀ ਪਰਿਵਾਰ ਨਾਲ ਸੰਬੰਧ ਰੱਖਦਾ ਸੀ। ਜਾਵੇਦ ਦਾ ਬੈਚਮੇਟ ਹੋਣ ਕਰਕੇ ਉਹ ਉਸਦਾ ਦੋਸਤ ਬਣ ਗਿਆ ਸੀ। ਹੁਣ ਅੰਮ੍ਰਿਤਸਰ ਵਿੱਚ ਉਸਦਾ ਆਪਣਾ ਕਲੀਨਿਕ ਸੀ।

ਐਮ. ਬੀ. ਸੀ. ਐਸ. ਕਰ ਲੈਣ ਤੋਂ ਬਾਅਦ ਜਾਵੇਦ ਪਟਿਆਲੇ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਡਾਕਟਰ ਲੱਗ ਗਿਆ। ਉੱਥੇ ਸਾਰੇ ਹੀ ਉਸਨੂੰ 'ਡਾਕਟਰ ਫਾਰੂਕੀ' ਕਹਿ ਕੇ ਬੁਲਾਉਂਦੇ। ਉੱਥੇ ਕੋਈ ਵੀ ਉਸਨੂੰ 'ਪਾਕਿਸਤਾਨੀ' ਨਹੀਂ ਕਹਿੰਦਾ ਸੀ। ਜਾਵੇਦ ਬਹੁਤ ਖ਼ੁਸ਼ ਸੀ। ਸ਼ਾਇਦ ਉੱਥੇ ਸਾਰੇ ਪੜ੍ਹੇ-ਲਿਖੇ ਤੇ ਸਿਆਣੇ ਲੋਕ ਹੋਣ ਕਰਕੇ ਅਸਲੀਅਤ ਨੂੰ ਸਮਝਣ ਦੇ ਸਮਰਥ ਸਨ।

ਇੱਕ ਦਿਨ ਜਾਵੇਦ ਨੂੰ ਬਾਜ਼ਾਰ ਵਿੱਚ ਉਸਦਾ ਸਾਥੀ ਡਾਕਟਰ ਗੁਪਤਾ ਮਿਲ ਗਿਆ।

"ਕੀ ਗੱਲ, ਫਾਰੂਕੀ ਸਾਹਿਬ, ਮਿਲਣ-ਗਿਲਣ ਤੋਂ ਵੀ ਰਹਿ ਗਏ! ਕਿਤੇ ਕਾਰਗਿਲ ਕਰਕੇ ਤਾਂ ਨਹੀਂ ਮਿਲਣਾ-ਜੁਲਣਾ ਬੰਦ ਕਰ ਦਿੱਤਾ?" ਗੁਪਤੇ ਨੇ ਜਾਵੇਦ ਤੋਂ ਅਨੋਖਾ ਸਵਾਲ ਪੁੱਛਿਆ ਸੀ। ਜਾਵੇਦ ਹੈਰਾਨ ਖੜ੍ਹਾ ਰਹਿ ਗਿਆ—"ਕਿੱਥੇ ਸਾਡੀ ਦੋਸਤੀ ਤੇ ਕਿੱਥੇ ਕਾਰਗਿਲ ਦਾ ਯੁੱਧ!" ਜਾਵੇਦ ਨੂੰ ਲੱਗਿਆ ਕਿ ਜਿਵੇਂ ਅੰਮ੍ਰਿਤਸਰ ਦਾ ਸਾਰਾ ਮੈਡੀਕਲ ਕਾਲਜ ਇੱਕਠਾ ਹੋ ਕੇ ਉਸਦੇ ਸਾਹਮਣੇ ਆ ਗਿਆ ਹੋਵੇ। ਇਸ ਗੱਲ ਨੇ ਜਾਵੇਦ ਨੂੰ ਇੰਨਾ ਦੁਖੀ ਕੀਤਾ ਕਿ ਉਹ ਉੱਥੋਂ ਨੌਕਰੀ ਛੱਡਕੇ ਮਲੇਰਕੋਟਲੇ ਆ ਗਿਆ ਤੇ ਆ ਕੇ ਉਸਨੇ ਆਪਣਾ ਕਲੀਨਿਕ ਖੋਲ੍ਹ ਲਿਆ।

ਕਈ ਵਾਰ ਜਾਵੇਦ ਨੂੰ ਆਪਣੇ ਬਜ਼ੁਰਗਾਂ ਤੇ ਗੁੱਸਾ ਆਉਣ ਲੱਗ ਪੈਂਦਾ, ਜਿਹੜੇ ਪਾਕਿਸਤਾਨ ਜਾਣ ਦੀ ਥਾਂ ਭਾਰਤ ਵਿੱਚ ਹੀ ਰਹਿ ਗਏ ਸਨ। ਜਾਵੇਦ ਨੂੰ ਆਪਣੀ ਬੁੱਢੀ ਦਾਦੀ ਯਾਦ ਆਉਣ ਲੱਗੀ।

ਉਹ ਜਾਵੇਦ ਨੂੰ ਦੱਸਦੀ ਹੁੰਦੀ ਸੀ ਕਿ ਕਿਵੇਂ ਦੇਸ਼ ਦੀ ਵੰਡ ਸਮੇਂ ਬੇਕਸੂਰ ਕੁੜੀਆਂ ਦੀ ਪੱਤ ਲੁੱਟ ਲਈ ਜਾਂਦੀ ਸੀ ਤੇ ਗੱਭਰੂਆਂ ਦੇ ਖ਼ੂਨ ਦੀ ਹੋਲੀ ਖੇਡੀ ਜਾਂਦੀ ਸੀ। ਤੁਰੇ ਜਾਂਦੇ ਕਾਫਲਿਆਂ ਨੂੰ ਜਦੋਂ ਕੋਈ ਖੂਹ ਦਿਖਾਈ ਦਿੰਦਾ, ਤਾਂ ਸਾਰੇ ਪਾਣੀ ਲੈਣ ਲਈ ਉਸ ਵੱਲ ਦੌੜਦੇ, ਪਰ ਖੂਹ ਲਾਸ਼ਾਂ ਨਾਲ ਭਰਿਆ ਹੁੰਦਾ। ਉਹ ਅਕਸਰ ਉਸ ਚੰਦਰੇ ਵੇਲੇ ਵੱਢੇ ਗਏ ਆਪਣੇ ਭਰਾਵਾਂ ਨੂੰ ਯਾਦ ਕਰਕੇ ਰੋ ਪੈਂਦੀ। ਕਦੇ-ਕਦੇ ਉਹ ਵਿੱਛੜੇ ਹੋਏ, ਪਾਕਿਸਤਾਨ ਵਿੱਚ ਵੱਸ ਰਹੇ, ਆਪਣੇ ਇੱਕੋ-ਇੱਕ ਭਰਾ ਦੀਆਂ ਸੁੱਖਾਂ ਸੁੱਖਦੀ। ਜਦੋਂ ਕਦੇ ਉਹ ਪਾਕਿਸਤਾਨ ਦੀ ਕੋਈ ਖ਼ਬਰ ਸੁਣਦੀ, ਤਾਂ ਬੇਚੈਨ ਹੋ ਉੱਠਦੀ ਤੇ ਜਾਵੇਦ ਤੋਂ ਪਾਕਿਸਤਾਨ ਦਾ ਬਾਰਡਰ ਖੁੱਲ੍ਹਣ ਬਾਰੇ ਪੁੱਛਦੀ। ਅਜਿਹੇ ਹੀ ਫਿਕਰ ਤੇ ਦੁੱਖ ਉਸਨੂੰ ਉਸਦੀ ਕਬਰ ਤੱਕ ਲੈ ਗਏ।

ਅਚਾਨਕ ਜਾਵੇਦ ਦੇ ਸ਼ਰੀਰ ਵਿੱਚ ਇੱਕ ਝੁਣਝੁਣੀ ਜਿਹੀ ਉੱਠੀ। ਉਸਨੇ ਆਪਣੀ ਘੜੀ ਵੱਲ ਵੇਖਿਆ। ਬਾਰਾਂ ਵੱਜਣ ਵਿੱਚ ਸੱਤ-ਅੱਠ ਮਿੰਟ ਰਹਿੰਦੇ ਸਨ।

ਉਸਨੇ ਆਪਣੇ ਆਪ ਨੂੰ ਤਰੋ-ਤਾਜ਼ਾ ਕੀਤਾ ਤੇ ਫਿਰ ਕਾਰ ਤੇ ਕੱਪੜਾ ਮਾਰਿਆ।

ਫਿਰ ਉਸਦੀ ਕਾਰ ਸਟੇਸ਼ਨ ਵੱਲ ਨੂੰ ਚੱਲ ਪਈ।

ਕਾਰ ਪਾਰਕਿੰਗ ਵਿੱਚ ਖੜ੍ਹਾਉਣ ਤੋਂ ਬਾਅਦ ਜਾਵੇਦ ਪਲੇਟਫਾਰਮ ਤੇ ਚਲਿਆ ਗਿਆ। ਪੰਦਰਾਂ-ਵੀਹ ਮਿੰਟਾਂ ਬਾਅਦ ਗੱਡੀ ਆ ਗਈ।

ਜਾਵੇਦ ਨੂੰ ਗੱਡੀ ਵਿੱਚੋਂ ਉਤਰ ਰਹੇ ਢਿੱਲੋਂ ਨੂੰ ਪਹਿਚਾਣਦਿਆਂ ਦੇਰ ਨਾ ਲੱਗੀ। ਉਹ ਅੱਗੇ ਨਾਲੋਂ ਥੋੜ੍ਹਾ ਜਿਹਾ ਮੋਟਾ ਹੋ ਗਿਆ ਸੀ ਤੇ ਉਸਦੀਆਂ ਦਾੜ੍ਹੀ-ਮੁੱਛਾਂ ਵੀ ਭਰਵੀਆਂ ਆ ਗਈਆਂ ਸਨ।

"ਉਏ, ਵਾਹ ਉਏ, ਮੇਰਾ ਪਾਕਿਸਤਾਨੀ!" ਬਾਹਾਂ ਜਾਵੇਦ ਵੱਲ ਵਧਾਉਂਦਿਆਂ ਢਿੱਲੋਂ ਖ਼ੁਸ਼ੀ ਭਰੀ ਉੱਚੀ ਆਵਾਜ਼ ਵਿੱਚ ਚਹਿਕਿਆ।

ਜਾਵੇਦ ਨੇ ਵੀ ਉਸਨੂੰ ਘੁੱਟ ਕੇ ਜੱਫੀ ਪਾ ਲਈ ਤੇ ਬੋਲਿਆ, "ਨਾਂਹ ਯਾਰ, ਹੁਣ ਨਾ ਤੂੰ ਮੈਨੂੰ ਪਾਕਿਸਤਾਨੀ ਆਖ।"

"ਨਾਂਹ, ਹੋਰ ਕੀ ਤੂੰ ਹਿੰਦੋਸਤਾਨੀ ਏਂ!" ਢਿੱਲੋਂ ਹਾਲੀਂ ਵੀ ਮਜ਼ਾਕੀਆ ਲਹਿਜੇ ਵਿੱਚ ਸੀ।

"ਮੈਂ ਕਦ ਕਿਹਾ ਆ, ਬਈ, ਮੈਂ ਹਿੰਦੋਸਤਾਨੀ ਆਂ! ਮੈਂ ਤਾਂ, ਭਰਾਵਾ, ਧੋਬੀ ਦਾ ਕੁੱਤਾ ਆਂ, ਨਾ ਘਰ ਦਾ, ਨਾ ਘਾਟ ਦਾ।"

ਹੁਣ ਢਿੱਲੋਂ ਦੇ ਚਿਹਰੇ ਤੇ ਗੰਭੀਰਤਾ ਫੈਲ ਗਈ।

# ਅਧੂਰੀ ਕਹਾਣੀ

ਬੱਸ ਸਵਾਰੀਆਂ ਨਾਲ ਖਚਾ-ਖਚ ਭਰੀ ਪਈ ਸੀ। ਪਰ ਕੰਡਕਟਰ ਹਾਲੀਂ ਵੀ ਆਵਾਜ਼ਾਂ ਮਾਰੀ ਜਾ ਰਿਹਾ ਸੀ। ਮੈਨੂੰ ਖਿਝ ਚੜ੍ਹ ਰਹੀ ਸੀ ਕਿ ਕੰਡਕਟਰ ਬੱਸ ਕਿਉਂ ਨਹੀਂ ਤੋਰ ਰਿਹਾ। ਮੈਂ ਕਾਫ਼ੀ ਦੇਰ ਤੋਂ ਬੱਸ ਵਿੱਚ ਬੈਠਾ ਸੀ। ਹੇਠਾਂ ਉੱਤਰ ਨਹੀਂ ਸੀ ਸਕਦਾ ਕਿਉਂਕਿ ਸੀਟ ਮਸਾਂ ਮਿਲੀ ਸੀ। ਅੰਦਰ ਬੈਠੇ ਨੂੰ ਗਰਮੀ ਬਹੁਤ ਲੱਗ ਰਹੀ ਸੀ। ਪਸੀਨੇ ਦੀ ਖੱਟੀ ਮੁਸ਼ਕ ਨਾਲ ਮੇਰਾ ਜੀਅ ਖਰਾਬ ਹੋ ਰਿਹਾ ਸੀ।

ਮੰਮੀ ਨੇ ਠੀਕ ਹੀ ਕਿਹਾ ਸੀ—"ਕਾਰ ਲੈ ਜਾ!" ਮੈਂ ਹੀ ਨਹੀਂ ਮੰਨਿਆ। ਦਰਅਸਲ, ਮੇਰਾ ਇਰਾਦਾ ਕੁਲਦੀਪ ਕੋਲ ਕੁਝ ਦਿਨ ਰੁਕਣ ਦਾ ਸੀ। ਪਿੱਛੋਂ ਕਾਰ ਦੀ ਘਰ ਲੋੜ ਪੈ ਸਕਦੀ ਸੀ।

ਮੈਂ ਭਾਵੇਂ ਪਿੰਡ ਵਿੱਚ ਹੀ ਰਹਿੰਦਾ ਸੀ। ਪਰ ਮੈਨੂੰ ਇਸ ਤਰ੍ਹਾਂ ਦੀਆਂ ਮਿੰਨੀ ਬੱਸਾਂ ਵਿੱਚ ਸਫਰ ਕਰਨ ਦੀ ਆਦਤ ਨਹੀਂ ਸੀ। ਛੋਟੇ ਹੁੰਦਿਆਂ ਸ਼ਹਿਰ ਨੂੰ ਸਕੂਲ ਜਾਣ ਲਈ ਸਕੂਲ ਦੀ ਵੈਨ ਪਿੰਡ ਆਇਆ ਕਰਦੀ ਸੀ। ਹੁਣ ਲੁਧਿਆਣੇ ਜਿਹੜੇ ਕਾਲਜ ਵਿੱਚ ਮੈਂ ਦਾਖਲਾ ਲਿਆ ਸੀ, ਉੱਥੇ ਰਹਿਣ ਲਈ ਹੋਸਟਲ ਸੀ।

ਹੋਸਟਲ ਦਾ ਮੈਨੂੰ ਇੱਕ ਹੋਰ ਫਾਇਦਾ ਇਹ ਹੋਇਆ ਕਿ ਮੈਂ ਉੱਥੇ ਆਪਣਾ ਲਿਖਣ ਦਾ ਸ਼ੌਕ ਪਾਲ ਸਕਦਾ ਸੀ। ਘਰ ਤਾਂ ਅਕਸਰ ਹੀ ਮੰਮੀ ਮੈਨੂੰ ਟੋਕਦੀ ਰਹਿੰਦੀ ਸੀ, "ਹਾਅ ਕਾਗ਼ਜ਼ਾਂ 'ਚੋਂ ਅੱਖਾਂ ਗਾਲ਼ ਕੇ ਕੁਸ਼ ਨੀ ਨਿਕਲਣਾ! ਆਪਣੀ ਪੜ੍ਹਾਈ ਵੱਲ ਧਿਆਨ ਦੇ ਲਿਆ ਕਰ !"

ਕੱਲ੍ਹ ਵੀ ਮੈਂ ਕੁਲਦੀਪ ਨੂੰ ਮਿਲਣ ਦੇ ਬਹਾਨੇ ਉਸਦੇ ਪਿੰਡ ਕਹਾਣੀ ਲਿਖਣ ਲਈ ਹੀ ਆਇਆ ਸੀ। ਕੁਲਦੀਪ ਸਕੂਲ ਦੇ ਦਿਨਾਂ ਵਿੱਚ ਮੇਰਾ ਹਮਜਮਾਤੀ ਸੀ। ਉਸਦਾ ਪਿੰਡ ਵੀ ਮੇਰੇ ਪਿੰਡ ਤੋਂ ਬਹੁਤੀ ਦੂਰ ਨਹੀਂ ਸੀ। ਤਦ ਤੋਂ ਹੀ ਸਾਡੇ ਵਿਚਕਾਰ ਗਹਿਰੀ ਦੋਸਤੀ ਹੋ ਗਈ ਸੀ।

ਕੁਲਦੀਪ ਵੀ ਅੱਜ ਮੇਰੇ ਘਰ ਵਾਪਿਸ ਮੁੜ ਜਾਣ ਤੇ ਹੈਰਾਨ ਸੀ। "ਕੱਲ੍ਹ ਸ਼ਾਮੀਂ ਤਾਂ ਤੂੰ ਆਇਐਂ! ਹਾਲੀਂ ਤਾਂ ਤੇਰੀ ਕਹਾਣੀ ਵੀ ਅਧੂਰੀ ਪਈ ਐ, ਯਾਰ!..... ਸਵੇਰੇ ਈ ਤੈਨੂੰ ਕੀ ਹੋ ਗਿਆ?" ਪਰ ਮੇਰਾ ਮਨ ਉਸਨੂੰ ਕੋਈ ਵੀ ਜਵਾਬ ਦੇਣ ਲਈ ਤਿਆਰ ਨਹੀਂ ਸੀ। ਉਸਨੂੰ ਵੀ ਮੇਰੇ ਸੁਭਾਅ ਦਾ ਪਤਾ ਸੀ-ਜਿੱਧਰ ਵੱਲ ਮਨ ਹੋ ਜਾਵੇ, ਉੱਧਰ ਵੱਲ ਜਾਵੇ! ਮੈਨੂੰ ਕੋਈ ਬਹਾਨਾ ਨਹੀਂ ਰੋਕ ਸਕਦਾ ਸੀ।

ਮੰਮੀ ਠੀਕ ਹੀ ਆਖਦੇ ਸਨ ਕਿ ਮੈਂ ਬਹੁਤ ਜਨੂੰਨੀ ਹਾਂ। ਥੋੜ੍ਹੇ ਦਿਨਾਂ ਤੱਕ ਕਾਲਜ ਖੁੱਲ੍ਹ ਜਾਣਾ ਸੀ ਤੇ ਮੈਂ ਹੋਸਟਲ ਜਾ ਕੇ ਆਰਾਮ ਨਾਲ ਕਹਾਣੀ ਲਿਖ ਸਕਦਾ ਸੀ। ਪਰ ਜਦੋਂ ਤੱਕ ਅੰਦਰੋਂ ਉੱਠ ਰਹੇ ਵੇਗ ਨੂੰ ਮੈਂ ਕਾਗ਼ਜ਼ ਤੇ ਨਹੀਂ ਸੀ ਉਤਾਰ

ਲੈਂਦਾ, ਮੈਨੂੰ ਚੈਨ ਨਹੀਂ ਸੀ ਆਉਂਦਾ। ਕਹਾਣੀ ਤਾਂ ਬਣੀ ਪਈ ਸੀ, ਬੱਸ ਲਿਖਣ ਦੀ ਦੇਰ ਸੀ।

ਇੱਕ ਅਧਖੜ ਉਮਰ ਦੀ ਜਨਾਨੀ ਨਾਲ ਸਤਾਰਾਂ ਕੁ ਵਰ੍ਹਿਆਂ ਦੀ ਕੁੜੀ ਬੱਸ ਵਿੱਚ ਚੜ੍ਹੀ। ਵੇਖਣ ਨੂੰ ਉਹ ਕੁੜੀ ਬਿਲਕੁਲ ਰਾਣੀ ਵਰਗੀ ਲੱਗਦੀ ਸੀ। ਦਰਮਿਆਨਾ ਕੱਦ, ਕਣਕਵੰਨਾ ਰੰਗ, ਜ਼ਰਾ ਕੁ ਤਿੱਖੇ ਨੈਣ-ਨਕਸ਼, ਵਗੈਰ ਕਿਸੇ ਡਿਜ਼ਾਈਨ ਤੋਂ ਵਾਲ ਗੁੰਦ ਕੇ ਕੀਤੀ ਹੋਈ ਮੋਟੀ ਗੁੱਤ-ਨਾ ਕੋਈ ਮੇਕਅੱਪ, ਨਾ ਫੈਸ਼ਨ!

ਸ਼ਾਇਦ ਬਹੁਤੀਆਂ ਪੇਂਡੂ ਕੁੜੀਆਂ ਇੱਕੋ ਜਿਹੀਆਂ ਹੀ ਹੁੰਦੀਆਂ ਹਨ। ਪਰ ਨਹੀਂ-ਕਾਲਜ ਵਿੱਚ ਜਾ ਕੇ ਤਾਂ ਕਈ ਪੇਂਡੂ ਕੁੜੀਆਂ ਨੂੰ ਪਰ ਲੱਗ ਜਾਂਦੇ ਹਨ। ਪਿੰਡਾਂ ਤੋਂ ਆਈਆਂ ਕਈ ਕੁੜੀਆਂ ਕਾਲਜ 'ਚ ਆ ਕੇ ਮੈਂ ਬਦਲਦੀਆਂ ਵੇਖੀਆਂ ਸਨ। ਉਹਨਾਂ ਦੇ ਪੰਜਾਬੀ ਸੂਟਾਂ ਦੀ ਥਾਂ ਜੀਨਸਾਂ ਨੇ ਲੈ ਲਈ ਸੀ। "ਜੱਟੀ-ਟਰਨਡ-ਮੋਡ", ਸ਼ਹਿਰ ਦੀਆਂ ਕੁੜੀਆਂ ਅਜਿਹੀਆਂ ਪੇਂਡੂ ਕੁੜੀਆਂ ਤੇ ਹੱਸਦੀਆਂ ਸਨ।

ਰਾਣੀ ਭਾਵੇਂ ਕਦੇ ਕਾਲਜ ਨਹੀਂ ਸੀ ਗਈ, ਪਰ ਸ਼ਾਇਦ ਸਹੁਰੇ ਘਰ ਜਾ ਕੇ ਉਹ ਵੀ ਬਦਲ ਜਾਵੇਗੀ। ਜਿਸ ਦਿਨ ਵਿਆਹ ਤੋਂ ਬਾਅਦ ਉਹ ਪਹਿਲੀ ਵਾਰ ਸਾਡੇ ਘਰ ਆਈ ਸੀ, ਉਸ ਦਿਨ ਮੰਮੀ ਸਾਹਮਣੇ ਆਪਣੇ ਸਹੁਰੇ ਘਰ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦੀ ਨਹੀਂ ਸੀ ਥੱਕਦੀ।

"ਲੱਗਦੈ, ਰਾਜੇ ਨੂੰ ਰਾਣੀ ਲੱਭ-ਗੀ!" ਜਦੋਂ ਕੁਲਦੀਪ ਨੂੰ ਮੈਂ ਪਹਿਲੀ ਵਾਰ ਰਾਣੀ ਬਾਰੇ ਦੱਸਿਆ ਸੀ ਤਾਂ ਉਸਦੇ ਸ਼ਬਦਾਂ ਦੀ ਥਾਂ ਉਸਦੀਆਂ ਅੱਖਾਂ ਵੀ ਟਿੱਚਰ ਕਰ ਰਹੀਆਂ ਸਨ।

"ਇਹੋ-ਜੀ ਕੋਈ ਗੱਲ ਨੀ!"

"ਅੱਛਿਆ! ਤਾਂ ਤੂੰ ਮੇਰੇ ਤੋਂ ਵੀ ਗੱਲਾਂ ਲੁਕਾਉਣ ਲੱਗ ਪਿਐਂ!"

"ਜੇ ਇਹੋ ਜੀ ਗੱਲ ਹੁੰਦੀ ਤਾਂ ਮੈਂ ਉਸਦੇ ਮੰਗਣੇ ਤੋਂ ਖ਼ੁਸ਼ ਕਿਉਂ ਹੁੰਦਾ?" ਮੈਂ ਕੁਲਦੀਪ ਨੂੰ ਯਕੀਨ ਦਿਵਾਉਣਾ ਚਾਹੁੰਦਾ ਸੀ।

"......... ਤਾਂ ਫਿਰ ਉਹਨੂੰ ਭੈਣ ਕਹੇਂਗਾ?" ਛੇੜਖਾਨੀ ਵਿੱਚ ਕੁਲਦੀਪ ਦਾ ਪੱਖ ਭਾਰੂ ਹੁੰਦਾ ਜਾ ਰਿਹਾ ਸੀ। ਪਰ ਮੈਨੂੰ ਇਹ ਮਜ਼ਾਕ ਚੰਗਾ ਨਹੀਂ ਸੀ ਲੱਗ ਰਿਹਾ, "ਕਿਉਂ, ਭੈਣ ਕਿਵੇਂ ਬਣੀ ਮੇਰੀ ?"

"........ ਤੇਰੇ ਪਿੰਡ ਦੀ ਕੁੜੀ ਐ", ਕੁਲਦੀਪ ਜਦੋਂ ਫਸ ਗਿਆ ਤਾਂ ਉਸਦੀ ਹਾਜ਼ਰਜਵਾਬੀ ਨੇ ਕੰਮ ਦਿੱਤਾ, "ਪਿੰਡ ਦੀਆਂ ਸਾਰੀਆਂ ਕੁੜੀਆਂ ਭੈਣਾਂ ਈ ਤਾਂ........."

"ਤੈਨੂੰ ਪਤੈ, ਮੈਂ ਇਹਨਾਂ ਪੁਰਾਣੇ ਰਵਾਜ਼ਾਂ ਨੂੰ ਨੀ ਮੰਨਦਾ!"

"ਚਲੋ, ਫੇਰ, ਦੋਸਤ ਕਹਿ ਲੈਨੇ ਆਂ ਆਪਾਂ!" ਮੇਰੀ ਗੰਭੀਰਤਾ ਨੂੰ ਸਮਝਦਿਆਂ ਕੁਲਦੀਪ ਨੇ ਗੱਲ ਸਮੇਟਣ ਦੀ ਕੋਸ਼ਿਸ਼ ਕੀਤੀ।

"ਕੁੜੀ ਨਾਲ ਦੋਸਤੀ ਦਾ ਤਾਂ ਪਿੰਡਾਂ 'ਚ ਸਵਾਲ ਈ ਪੈਦਾ ਨੀ ਹੁੰਦਾ!".......

... ਤੇ ਰਾਣੀ ਦੇ ਵਿਆਹ ਤੋਂ ਕੁਝ ਦਿਨਾਂ ਬਾਅਦ ਕੁਲਦੀਪ ਦਾ ਫੋਨ ਆਇਆ ਸੀ, "ਤੁਹਾਡੀ ਰਾਣੀ ਵਿਆਹ ਕੇ ਸਾਡੇ ਪਿੰਡ ਆ-ਗੀ!"

ਮੈਂ ਹੈਰਾਨ ਸੀ। ਮੈਂ ਕਦੇ ਵੀ ਇਹ ਜਾਨਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ਕਿ ਰਾਣੀ ਦਾ ਵਿਆਹ ਕਿਹੜੇ ਪਿੰਡ ਹੋਇਆ ਸੀ... ਤੇ ਨਾ ਹੀ ਮੈਨੂੰ ਇਸ ਵਿੱਚ ਕੋਈ ਦਿਲਚਸਪੀ ਸੀ।

ਇਹ ਤਾਂ ਮੈਨੂੰ ਬਾਅਦ ਵਿੱਚ ਕੁਲਦੀਪ ਨੇ ਦੱਸਿਆ ਕਿ ਉਹ ਤਾਂ ਮਜ਼ਾਕ ਵਿੱਚ ਉਹਨਾਂ ਦੇ ਘਰ ਨੇੜੇ ਨਵੀਂ ਵਿਆਹ ਕੇ ਆਈ ਕਿਸੇ ਕੁੜੀ ਬਾਰੇ ਗੱਲ ਕਰ ਰਿਹਾ ਸੀ। "ਪਰ ਲੱਗਦੀ ਉਹ ਰਾਣੀ ਵਰਗੀ ਈ ਐ, ਬਿਲਕੁਲ... ਜਿਹੋ ਜਿਹਾ ਤੂੰ ਰਾਣੀ ਬਾਰੇ ਮੈਨੂੰ ਦੱਸਿਐ!... ਸਾਡੇ ਪਿੰਡ ਆਇਆ, ਤਾਂ ਦਿਖਾਊਂ ਤੈਨੂੰ!"

ਮੇਰੀ ਵੀ ਦਿਲਚਸਪੀ ਜਾਗ ਪਈ ਸੀ। ਪਰ ਪੜ੍ਹਾਈ ਕਰਕੇ ਕਦੇ ਜਾ ਹੀ ਨਹੀਂ ਹੋਇਆ। ਹੁਣ ਛੁੱਟੀਆਂ ਵਿੱਚ ਸੋਚਿਆ ਕਿ ਕੁਲਦੀਪ ਕੋਲ ਕੁੱਝ ਦਿਨ ਗੁਜ਼ਾਰ ਆਵਾਂ ਤੇ ਦਿਮਾਗ 'ਚ ਚਲਦੀ ਕਹਾਣੀ ਵੀ ਪੂਰੀ ਕਰ ਲਵਾਂ।

...ਬੱਸ ਚੱਲ ਪਈ ਸੀ। ਹਵਾ ਲੱਗਣ ਨਾਲ ਕੁਝ ਰਾਹਤ ਮਹਿਸੂਸ ਹੋਈ। ਅਗਲੇ ਅੱਡੇ ਤੇ ਜਦੋਂ ਉਹੋ ਸਤਾਰਾਂ ਕੁ ਵਰ੍ਹਿਆਂ ਦੀ ਕੁੜੀ ਬੱਸ 'ਚੋਂ ਉੱਤਰੀ ਤਾਂ ਮੈਨੂੰ ਉਸ 'ਚੋਂ ਦੁਬਾਰਾ ਰਾਣੀ ਦੀ ਝਲਕ ਪਈ।

ਜਦੋਂ ਤੋਂ ਮੈਂ ਰਾਣੀ ਦੀ ਜ਼ਿੰਦਗੀ ਨੂੰ ਸਮਝਣ ਦੀ ਕੋਸ਼ਿਸ਼ ਕਰਨ ਲੱਗਿਆ ਸੀ, ਮੈਂ ਔਰਤ ਦੇ ਦੁੱਖ-ਸੁੱਖ ਨੂੰ ਵੱਧ ਮਹਿਸੂਸ ਕਰਨ ਲੱਗ ਪਿਆ ਸੀ।

ਆਪਣੇ ਘਰ ਦਾ ਸਾਰਾ ਕੰਮ ਰਾਣੀ ਹੀ ਕਰਦੀ ਸੀ, ਫਿਰ ਵੀ ਉਸ ਨਾਲ ਟੈਂ-ਟੈਂ ਹੁੰਦੀ ਰਹਿੰਦੀ। ਉਸਦੀ ਦਾਦੀ ਤੇ ਮਾਂ ਨੇ ਪਤਾ ਨਹੀਂ ਉਸ ਤੇ ਕਿੰਨੀਆਂ ਕੁ ਪਾਬੰਦੀਆਂ ਲਾ ਰੱਖੀਆਂ ਸਨ—ਇਹ ਨਹੀਂ ਕਰਨਾ, ਉਹ ਨਹੀਂ ਕਰਨਾ! ਮੈਨੂੰ ਹੈਰਾਨੀ ਹੁੰਦੀ ਸੀ ਕਿ ਰਾਣੀ ਵਿਦਰੋਹ ਕਿਉਂ ਨਹੀਂ ਸੀ ਕਰਦੀ, "ਇਹ ਕੁੜੀਆਂ ਨਰਕ ਭਰੀ ਜ਼ਿੰਦਗੀ ਕਿਵੇਂ ਕਬੂਲ ਕਰ ਲੈਂਦੀਆਂ ਨੇ!" ...ਤੇ ਕਾਲਜ ਵਿੱਚ ਔਰਤਾਂ ਦੇ ਅਧਿਕਾਰਾਂ ਬਾਰੇ ਕੀਤੀਆਂ ਬਹਿਸਾਂ ਮੇਰੇ ਸਿਰ ਅੰਦਰ ਚੱਕਰ ਖਾਣ ਲੱਗ ਪੈਂਦੀਆਂ।

ਰਾਣੀ ਦਸ ਜਮਾਤਾਂ ਵੀ ਨਹੀਂ ਸੀ ਪੜ੍ਹੀ। "ਕੁੜੀਆਂ ਨੇ ਪੜ੍ਹ ਕੇ ਕੀ ਕਰਨੈ! ਕੁੜੀਆਂ ਨੂੰ ਤਾਂ, ਬਸ, ਘਰ ਦਾ ਕੰਮ-ਕਾਜ ਚੰਗੀ ਤਰ੍ਹਾਂ ਆਉਣਾ ਚਾਹੀਦੈ!" ਉਸਦੇ ਬਾਪ ਦੇ ਵਿਚਾਰ ਸਨ। ਉਹ ਤਾਂ ਘਿਉ-ਦੁੱਧ ਦੇ ਮਾਮਲੇ ਵਿੱਚ ਵੀ ਉਸਨੂੰ ਕਹਿੰਦਾ ਸੀ, "ਤੈਂ ਕਿਹੜਾ ਖਾ-ਪੀ ਕੇ ਹਲ ਵਾਹੁਣੈ !"........

ਪਿੰਡ ਆ ਗਿਆ ਸੀ। ਬੱਸ ਵਿੱਚੋਂ ਉੱਤਰ ਕੇ ਮੈਨੂੰ ਕੁਝ ਸਾਹ ਆਇਆ। ਮੌਸਮ ਵੀ ਕੁਝ ਠੀਕ ਹੋ ਗਿਆ ਸੀ।

"ਕੁਲਦੀਪ ਦੇ ਘਰ ਦੇ ਵੀ ਪਤਾ ਨੀ ਕੀ ਸੋਚਦੇ ਹੋਣਗੇ!" ਇੰਨੇ ਸਮੇਂ ਬਾਅਦ ਉਹਨਾਂ ਦੇ ਘਰ ਜਾਣ ਕਰਕੇ ਉਹਨਾਂ ਨੇ ਆਦਰ-ਮਾਣ ਵੀ ਬਹੁਤ ਕੀਤਾ ਸੀ। ਉਹਨਾਂ ਨੂੰ ਵੀ ਸਮਝ ਨਹੀਂ ਸੀ ਆ ਰਿਹਾ ਕਿ ਮੈਂ ਅਚਾਨਕ ਘਰ ਵਾਪਿਸ ਜਾਣ ਦਾ ਮਨ ਕਿਉਂ ਬਣਾ ਲਿਆ ਸੀ।

ਕੱਲ੍ਹ ਸ਼ਾਮ ਰੋਟੀ ਖਾਣ ਤੋਂ ਬਾਅਦ ਮੈਂ ਤੇ ਕੁਲਦੀਪ ਟਹਿਲਣ ਲਈ ਘਰੋਂ ਬਾਹਰ ਵੱਲ ਹੋ ਤੁਰੇ ਸੀ।

ਕੁਝ ਕਦਮ ਚੱਲਣ ਤੋਂ ਬਾਅਦ ਇੱਕ ਘਰ 'ਚੋਂ ਆ ਰਹੀਆਂ ਆਵਾਜ਼ਾਂ ਨੇ ਮੇਰਾ ਧਿਆਨ ਆਪਣੇ ਵੱਲ ਖਿੱਚਿਆ।

"ਦੇਖ ਖਾਂਹ, ਕਿਮੇਂ ਜ਼ਬਾਨ ਚਲਾਉਂਦੀ ਐ!"

"......ਨਾ, ਆਹ ਸਾਰਾ ਕੁਸ਼ ਕੀ ਆਪਣੇ ਪਿਓ ਦੇ ਘਰੋਂ ਲਿਆਈ ਐ?......... ਪਿਓ ਕੰਜਰ ਨੇ ਦਿੱਤਾ ਈ ਕੀ ਐ.........!......... ਤਾਰਿਆ, ਇਹਦੀ ਗੁਤਨੀ ਪੱਟ ਸਮਾਰਕੇ, ਤਾ ਲੋਟ ਆਊ ਇਹ........!!"

ਸ਼ਾਇਦ ਉੱਥੇ ਕੁਝ ਮਾਰ-ਕੁਟਾਈ ਹੋ ਰਹੀ ਸੀ। ਕੁਝ ਹਨ੍ਹੇਰੇ ਕਾਰਨ ਤੇ ਕੁਝ ਦੂਰ ਹੋਣ ਕਰਕੇ ਪਤਾ ਨਹੀਂ ਸੀ ਲੱਗ ਰਿਹਾ। ਮੈਂ ਕੁਲਦੀਪ ਵੱਲ ਪ੍ਰਸ਼ਨ ਭਰੀਆਂ ਨਜ਼ਰਾਂ ਨਾਲ ਵੇਖਿਆ, "ਆਹ ਕੀ ਹੋ ਰਿਹੈ.......?"

"ਇਹਨਾਂ ਦਾ ਤਾਂ ਰੋਜ਼ ਦਾ ਈ ਕੰਮ ਐ! ਰੋਜ਼ ਦਾਰੂ ਪੀ ਕੇ ਘਰਵਾਲੀ ਨਾਲ ਲੜ ਪੈਂਦੈ, ਵਿੱਚੇ ਮਾਂ ਲੱਗ ਜਾਂਦੀ ਐ.......!"

"ਇਹ ਫੇਰ ਚੁੱਪ ਕਰਕੇ ਜਰੀ ਕਿਉਂ ਜਾਂਦੀ ਐ?"

"ਹੋਰ ਕੀ ਕਰੇ, ਗਊ ਵਿਚਾਰੀ!"

ਘਰੇਲੂ ਹਿੰਸਾ ਵਿਰੁੱਧ ਕਾਨੂੰਨ ਨਾਲ ਸੰਬੰਧਿਤ ਪੜ੍ਹੇ ਸਾਰੇ ਲੇਖ ਮੇਰੀ ਯਾਦ ਵਿੱਚ ਤਾਜ਼ਾ ਹੋ ਗਏ," ......... ਪੁਲਿਸ........."

"ਪੁਲਿਸ ਕੀ ਕਰੂ, ਆਖਿਰ ਰਹਿਣਾ ਤਾਂ ਇਸੇ ਘਰ 'ਚ ਈ ਐ! ਨਾਲੇ, ਪੇਕੇ ਕਿੰਨੀ ਦੇਰ ਰੱਖ ਲੈਣਗੇ?......" ਕੁਲਦੀਪ ਨੇ ਮੇਰੀਆਂ ਸੋਚਾਂ ਦੀ ਲੜੀ ਨੂੰ ਤੋੜਿਆ, "ਚੱਲ, ਛੱਡ! ਆ, ਘਰ ਚੱਲੀਏ! ਤੈਂ ਕਹਾਣੀ ਵੀ ਲਿਖਣੀ ਐ!"

ਘਰ ਵੱਲ ਪਰਤਦਿਆਂ ਕੁਲਦੀਪ ਨੇ ਮੈਨੂੰ ਦੱਸਿਆ, "ਇਹ ਉਹ ਈ ਕੁੜੀ ਐ, ਜਿਹੜੀ ਐਂ ਕਹਿੰਦਾ ਸੀ ਰਾਣੀ ਵਰਗੀ ਲੱਗਦੀ ਐ।"

ਰਾਤੀਂ ਕਹਾਣੀ ਲਿਖਣ ਦੀ ਕੋਸ਼ਿਸ਼ ਕਰਦਿਆਂ ਮੈਂ ਰਾਣੀ ਬਾਰੇ ਮੁੜ ਸੋਚਿਆ— ਉਸਦੇ ਆਪਣੇ ਸਹੁਰਿਆਂ ਬਾਰੇ ਆਖੇ ਸ਼ਬਦ........... ਉਸਦੇ ਦਹੇਜ ਵਿੱਚ ਦਿੱਤਾ ਸਾਮਾਨ.......... ਉਸਦੇ ਵਿਆਹ 'ਤੇ ਉਸਦੇ ਘਰਦਿਆਂ ਦਾ ਬੇਹੱਦ ਰੋਣਾ....... ਉਸਦੀ ਮਾਂ ਤੇ ਦਾਦੀ ਦੇ ਸ਼ਬਦ........... "ਰੋਟੀ-ਟੁੱਕ ਸਹੀ ਤਰ੍ਹਾਂ ਕਰ ਲੈ, ਨਹੀਂ ਤਾਂ 'ਗਾਂਹ ਗੁਤਨੀ ਪਟਾਵੇਂਗੀ!"............... "ਬਗਾਨਿਆਂ ਨੇ ਨੀਂ ਝੱਲਣਾ ਹਾਅ ਕੁਸ਼!"

ਇਸੇ ਤਰ੍ਹਾਂ ਰਾਤ ਲੰਘ ਗਈ—ਕਹਾਣੀ ਦਾ ਬਨਿਆ-ਬਣਾਇਆ ਪਲਾਟ ਟੁੱਟ ਚੁੱਕਿਆ ਸੀ।...........

ਘਰ ਨੇੜੇ ਪਹੁੰਚਦਿਆਂ ਹੀ ਮੇਰੀ ਪਹਿਲੀ ਨਜ਼ਰ ਰਾਣੀ ਦੇ ਮਕਾਨ ਤੇ ਪਈ। ਉਸਦਾ ਘਰ ਮੈਨੂੰ ਉਹਨਾਂ ਇਤਿਹਾਸਿਕ ਕਿਲਿਆਂ ਵਰਗਾ ਲੱਗਿਆ, ਜਿੱਥੇ ਕਦੇ ਜਿਉਂਦੇ-ਜਾਗਦੇ ਲੋਕ ਵੱਸਿਆ ਕਰਦੇ ਸਨ।

# ਉਡਾਰੀ

ਕੁਲਦੀਪ ਦੇ ਬ੍ਰੇਕ ਲਾਉਂਦਿਆਂ ਹੀ ਮੇਰੀਆਂ ਸੋਚਾਂ ਦੀ ਲੜੀ ਟੁੱਟ ਗਈ। "ਆ ਗਿਆ ਤੇਰਾ ਬਾਡਰ", ਕਹਿ ਕੇ ਉਹ ਗੱਡੀ ਵਿੱਚੋਂ ਉਤਰ ਗਿਆ। ਮੇਰੀ ਨਿਗ੍ਹਾ ਆਸਮਾਨ ਵੱਲ ਪਈ—ਪੰਛੀਆਂ ਦੀਆਂ ਡਾਰਾਂ ਹਾਲੀਂ ਵੀ ਉੱਡ ਰਹੀਆਂ ਸਨ।

ਸਾਰਾ ਕੁਝ ਇਕ ਵਾਰ ਫਿਰ ਮੇਰੀਆਂ ਅੱਖਾਂ ਸਾਹਮਣੇ ਉਭਰ ਆਇਆ—ਬੇਬੇ ਦੇ ਗੀਤ...... ਉਸਦੀਆਂ ਸਹੇਲੀਆਂ......ਸਦੀਕਨ!!

"........ਲੋਕੀਂ ਬੜੀ ਦੂਰੋਂ-ਦੂਰੋਂ ਆਉਂਦੇ ਨੇ ਪ੍ਰੇਡ ਵੇਖਣ ਲਈ......," ਪਾਰਕਿੰਗ 'ਚੋਂ ਨਿਕਲਦਿਆਂ ਕੁਲਦੀਪ ਦੱਸਦਾ ਜਾ ਰਿਹਾ ਸੀ। ਯੂਨੀਵਰਸਿਟੀ 'ਚ ਉਹ ਮੈਨੂੰ ਅੰਮ੍ਰਿਤਸਰ ਆਉਣ ਲਈ ਵਾਰ-ਵਾਰ ਕਹਿ ਚੁੱਕਿਆ ਸੀ। "ਚਲ, ਤੈਨੂੰ ਤੇਰਾ ਬਾਡਰ ਵੀ ਵਖਾ ਦੇਉਂ," ਉਸਨੇ ਬਹਾਨਾ ਵੀ ਕੀਤਾ ਸੀ।

ਅੱਜ ਜਦੋਂ ਮੈਂ ਬੇਬੇ ਨੂੰ ਦੱਸਿਆ ਕਿ ਮੈਂ ਬਾਡਰ ਵੇਖਣ ਜਾ ਰਿਹਾ ਸਾਂ ਤਾਂ ਉਸਦੇ ਚਿਹਰੇ ਦਾ ਰੰਗ ਬਦਲ ਗਿਆ ਸੀ।

"ਬੇਬੇ, ਹੁਣ ਤੂੰ ਆਰਾਮ ਕਰਿਆ ਕਰ। ਸ਼ਹਿਰਾਂ 'ਚ, ਦੱਸ, ਚਰਖੇ ਕੌਣ ਕੱਤਦੈ!" ਡੈਡੀ ਉਸਨੂੰ ਟੋਕਦੇ ਰਹਿੰਦੇ।

"ਬੇਬੇ ਤਾਂ ਐਂ ਲੱਗੀ ਰਹਿੰਦੀ ਐ ਜਿਵੇਂ ਕੁੜੀ ਦਾ ਦਹੇਜ ਬਣਾਉਣਾ ਹੋਵੇ!" ਕੰਮ ਕਰਦਿਆਂ ਮੰਮੀ ਵੀ ਕਹਿ ਦਿੰਦੀ।

ਪਰ ਉਹ ਕੱਤੇ ਬਿਨਾ ਨਹੀਂ ਸੀ ਰਹਿ ਸਕਦੀ।

ਉਹ ਜਦੋਂ ਵੀ ਕੱਤਦੀ ਤਾਂ ਗੀਤ ਗੁਣਗੁਣਾਉਣ ਲੱਗ ਪੈਂਦੀ। "ਥੋਨੂੰ ਪਤੈ, ਇਹ ਗੀਤ ਮੈਂ ਤੇ ਸਦੀਕਨ ਗਾਉਂਦੀਆਂ ਹੁੰਦੀਆਂ ਤੀ!" ਛੋਟੇ ਹੁੰਦਿਆਂ ਜਦੋਂ ਵੀ ਅਸੀਂ ਉਸ ਕੋਲ ਬੈਠਦੇ ਤਾਂ ਉਹ ਸਾਡੇ ਵੱਲ ਵੇਖ ਕੇ ਮੁਸਕੁਰਾਉਂਦੀ, ਤੇ ਉਸਦੇ ਚਰਖੇ ਤੇ ਆਵਾਜ਼ ਦਾ ਤਾਲਮੇਲ ਹੋਰ ਵੱਧ ਜਾਂਦਾ। "ਜਦੋਂ ਅਸੀਂ ਥੋਡੇ ਵਰਗੀਆਂ ਤੀ, ਸਾਰੀਆਂ ਸਹੇਲੀਆਂ ਸਦੀਕਨ ਦੇ ਵਿਹੜੇ 'ਚ ਚਰਖੇ ਲੈ ਕੇ ਬਹਿ ਜਾਂਦੀਆਂ—ਨਾਲੇ ਕੱਤੀ ਜਾਂਦੀਆਂ, ਨਾਲੇ ਗਾਈ ਜਾਂਦੀਆਂ!"

ਬਾਪੂ ਵੀ ਕਈ ਵਾਰ ਆਪਣੀ ਜਵਾਨੀ ਦੀਆਂ ਗੱਲਾਂ ਕਰਦਾ ਸੀ—ਉੱਧਰ ਰਹਿ ਗਈ ਆਪਣੀ ਜਾਇਦਾਦ ਦੀਆਂ ਤੇ ਆਪਣੇ ਯਾਰਾਂ-ਬੇਲੀਆਂ ਦੀਆਂ। ਪਰ ਗੱਲਾਂ ਕਰਦਿਆਂ ਉਸਦੇ ਚਿਹਰੇ ਤੇ ਕੋਈ ਉਤਰਾਅ-ਚੜ੍ਹਾਅ ਨਹੀਂ ਸੀ ਆਉਂਦਾ—ਰਾਜੇ-ਰਾਣੀਆਂ ਦੀਆਂ ਕਹਾਣੀਆਂ ਵਾਂਗ ਉਹ ਸੁਭਾਵਕ ਹੀ ਸੁਣਾ ਜਾਂਦਾ। ਬੇਬੇ ਦੇ ਤਾਂ ਅੱਖਾਂ ਵਿੱਚ ਅੱਥਰੂ ਉੱਭਰ ਆਉਂਦੇ ਸਨ।

"...... ਆਹ ਖੇਤ ਪਾਕਿਸਤਾਨ ਦੇ ਨੇ।" ਕੁਲਦੀਪ ਨੇ ਸਾਈਡ ਤੇ ਲੱਗੀਆਂ

ਤਾਰਾਂ ਦੇ ਪਰਲੇ ਪਾਸੇ ਵੱਲ ਇਸ਼ਾਰਾ ਕੀਤਾ। ਦਿਲ ਵਿੱਚੋਂ ਬਿਜਲੀ ਦੀ ਇੱਕ ਤਰੰਗ ਲੰਘ ਗਈ ਤੇ ਮੈਂ ਆਸਮਾਨ ਵਿੱਚ ਉੱਡ ਰਹੇ ਪੰਛੀਆਂ ਵੱਲ ਵੇਖਿਆ, "...... ਜੇ ਭਾਰਤ-ਪਾਕਿਸਤਾਨ, ਦੁਬਾਰਾ ਇੱਕ........!"

ਜਦੋਂ ਵੀ ਪਾਕਿਸਤਾਨ ਦੀ ਗੱਲ ਚੱਲਦੀ ਤਾਂ ਮੈਨੂੰ ਕੁਲਦੀਪ ਦੇ ਚਿਹਰੇ ਤੇ ਓਪਰਾਪਣ ਨਜ਼ਰ ਆਉਣ ਲੱਗ ਪੈਂਦਾ। ਯੂਨੀਵਰਸਿਟੀ ਦੇ ਬਾਕੀ ਦੋਸਤ ਵੀ ਕਈ ਵਾਰ ਉਸਦਾ ਸਾਥ ਦੇਣਾ ਸ਼ੁਰੂ ਕਰ ਦਿੰਦੇ।

"ਮਿਲਟਰੀ ਜੁਆਇਨ ਕਰਦਿਆਂ ਹੀ ਸਭ ਤੋਂ ਪਹਿਲਾਂ ਮੈਂ ਦੋ-ਤਿੰਨ ਪਾਕਿਸਤਾਨੀ ਮਾਰੂੰ!" ਉਹ ਅਕਸਰ ਮੈਨੂੰ ਛੇੜਦਾ ਰਹਿੰਦਾ। ਪਰ ਮੈਨੂੰ ਉਸਦੇ ਹਾਸੇ ਵਿੱਚੋਂ ਕੁੜੱਤਣ ਦਾ ਝਲਕਾਰਾ ਪੈਂਦਾ ਸੀ।

"ਬੇਬੇ, ਸਦੀਕਨ ਤਾਂ ਨਾਲੇ ਮੁਸਲਮਾਨ ਤੀ, ਫੇਰ ਉਹ ਤੇਰੀ ਸਹੇਲੀ ਕਿਮੇਂ ਬਣ-ਗੀ?" ਛੋਟੇ ਹੁੰਦਿਆਂ ਸਾਡੇ ਵਿੱਚੋਂ ਕੋਈ ਪੁੱਛ ਲੈਂਦਾ। ਬੇਬੇ ਠੰਢੀ ਆਹ ਭਰਦੀ, "ਓਦੋਂ ਤਾਂ, ਪੁੱਤ, ਜਮਾਨੇ ਈ ਹੋਰ ਤੇ! ਜਦ ਕਿਹਨੂੰ ਪਤਾ ਹੁੰਦਾ ਤੀ ਸਿੱਖ-ਮੁਸਲਮਾਨ ਦਾ!"

"ਫੇਰ, ਬੇਬੇ, ਤੁਸੀਂ ਪਾਕਿਸਤਾਨ ਤੋਂ ਕਿਮੇਂ ਆ-ਗੇ?"

"ਬੱਸ, ਪੁੱਤ, ਕੀ ਦੱਸਾਂ!......."

ਬੂਟਾਂ ਦੀ ਠਕ-ਠਕ ਤੇ ਰੁਹਬਦਾਰ ਆਵਾਜ਼ਾਂ! ਬਾਡਰ ਦੇ ਦੋਹੀਂ ਪਾਸੀਂ ਫ਼ੌਜੀ ਇੱਕ-ਦੂਜੇ ਨਾਲੋਂ ਵਧ ਕੇ ਪੈਰ ਮਾਰ ਰਹੇ ਸਨ।

ਪਾਕਿਸਤਾਨ ਵਾਲੇ ਪਾਸੇ ਖੜ੍ਹੇ ਲੋਕਾਂ ਨੂੰ ਵੇਖ ਕੇ ਹੈਰਾਨੀ ਹੋ ਰਹੀ ਸੀ—ਉਹ ਵੀ ਆਪਣੇ ਵਰਗੇ ਹੀ ਨਜ਼ਰ ਆਉਂਦੇ ਸਨ। ਛੋਟੇ ਹੁੰਦਿਆਂ ਮੈਂ ਪਾਕਿਸਤਾਨੀਆਂ ਦੇ ਭਿਆਨਕ ਜਿਹੇ ਚਿਹਰੇ ਕਲਪਦਾ ਰਿਹਾ ਸਾਂ। ਜੇ ਭਾਰਤ ਪਾਕਿਸਤਾਨ ਤੋਂ ਕ੍ਰਿਕੇਟ ਮੈਚ ਜਿੱਤ ਜਾਂਦਾ ਤਾਂ ਕਈ-ਕਈ ਦਿਨ ਕਲਾਸ 'ਚ ਖ਼ੁਸ਼ੀ ਦੀ ਲਹਿਰ ਦੌੜੀ ਰਹਿੰਦੀ, ਤੇ ਜੇ ਹਾਰ ਜਾਂਦਾ ਤਾਂ ਅਸੀਂ ਆਪਣਾ ਗੁੱਸਾ ਪਾਕਿਸਤਾਨੀ ਖਿਡਾਰੀਆਂ ਨੂੰ ਗਾਲ੍ਹਾਂ ਕੱਢ ਕੇ ਠੰਢਾ ਕਰ ਲੈਂਦੇ। 'ਜੰਗ-ਜੰਗ' ਖੇਡਦੇ ਸਮੇਂ ਕਮਜ਼ੋਰ ਜਿਹੇ ਮੁੰਡਿਆਂ ਨੂੰ 'ਪਾਕਿਸਤਾਨੀ ਫ਼ੌਜੀ' ਬਣਾ ਕੇ ਉਹਨਾਂ ਦਾ ਕੁਟਾਪਾ ਕਰ ਦਿੰਦੇ।

"ਭਾਰਤ-ਮਾਤਾ ਦੀ—ਜੈ!" ਅਚਾਨਕ ਨਾਅਰੇ ਗੂੰਜਣ ਲੱਗੇ। ਪਰਲੇ ਪਾਸਿਓਂ ਵੀ ਕੁਝ ਜੋਸ਼ ਭਰੀਆਂ ਅਵਾਜ਼ਾਂ ਆ ਰਹੀਆਂ ਸਨ, "ਪਾਕਿਸਤਾਨ ਜ਼ਿੰਦਾਬਾਦ!..."

ਬੇਬੇ ਦੀਆਂ ਸਹੇਲੀਆਂ ਸਾਕਾਰ ਹੋ ਕੇ ਸਾਹਮਣੇ ਆ ਗਈਆਂ...... ਉਹਨਾਂ ਦੇ ਚਰਖੇ....... ਗੀਤ....... ਬਾਪੂ-ਇੱਕ ਮੁੱਛ-ਫੁੱਟ ਗੱਭਰੂ! ਮੈਂ ਸਦੀਕਨ ਨੂੰ ਲੱਭਣ ਦੀ ਕੋਸ਼ਿਸ਼ ਕੀਤੀ।

"ਚੱਲੀਏ?.......," ਕੁਲਦੀਪ ਮੇਰੇ ਵੱਲ ਸੰਬੋਧਿਤ ਸੀ। ਲੋਕ ਵਾਪਿਸ ਜਾ ਰਹੇ ਸਨ, ਪ੍ਰੇਡ ਖ਼ਤਮ ਹੋ ਚੁੱਕੀ ਸੀ।

ਪਾਕਿਸਤਾਨ ਦੇ ਇੰਨਾ ਨੇੜਿਉਂ ਮੁੜਨ ਦੀ ਹਿੰਮਤ ਨਹੀਂ ਸੀ ਪੈ ਰਹੀ। "ਆਪਾਂ

ਉੱਥੇ ਨਹੀਂ ਜਾ ਸਕਦੇ ?" ਕੁਝ ਲੋਕਾਂ ਨੂੰ ਬਾਡਰ ਦੇ ਕੋਲ ਵੇਖਕੇ ਮੈਂ ਬਹਾਨਾ ਕੀਤਾ।

"ਉੱਥੇ ਲਈ ਸਪੈਸ਼ਲ ਪ੍ਰਮਿਸ਼ਨ ਲੈਣੀ ਪੈਂਦੀ ਐ," ਕੁਲਦੀਪ ਨੇ ਮੇਰੀਆਂ ਅੱਖਾਂ ਵਿੱਚ ਵੇਖਿਆ। ਫਿਰ ਉਹ ਮੇਰਾ ਮੋਢਾ ਥਾਪੜਦਿਆਂ ਮੁਸਕੁਰਾਇਆ, "ਬੱਸ, ਸਾਲ ਕੁ ਰੁਕ, ਲੈਫਟੀਨੈਂਟ ਲੱਗਦਿਆਂ ਈ ਤੈਨੂੰ ਨੇੜਿਉਂ ਵਖਾ ਕੇ ਲਿਆਊਂ!"

ਮੁੜਦਿਆਂ ਮੈਂ ਆਸਮਾਨ ਵੱਲ ਵੇਖਿਆ। ਪੰਛੀਆਂ ਦੀਆਂ ਕੁਝ ਡਾਰਾਂ ਬਾਡਰ ਦੇ ਪਰਲੇ ਪਾਸੇ ਉੱਡੀਆਂ ਜਾ ਰਹੀਆਂ ਸਨ।

# ਸਿਰ ਦਾ ਸਾਈਂ

ਬਲਵੀਰ ਦਾ ਭੋਗ ਪੈਣ ਤੋਂ ਬਾਅਦ ਜਦੋਂ ਲੋਕ ਚਲੇ ਗਏ, ਤਾਂ ਮਨਪ੍ਰੀਤ ਦੇ ਨੇੜਲੇ ਰਿਸ਼ਤੇਦਾਰਾਂ ਨੇ ਉਹਦੀ ਸੱਸ ਤੇ ਮਾਂ-ਬਾਪ ਨੂੰ ਕੋਲ ਬਿਠਾ ਕੇ ਗੱਲ ਤੋਰੀ, "ਰੱਬ ਵੱਲੋਂ ਜੋ ਲਿਖਿਆ ਸੀ, ਭਾਈ, ਉਹਦਾ ਭਾਣਾ ਮੰਨੋ!....... ਪਰ, ਭਾਈ, ਏਸ ਕੁੜੀ ਅੱਗੇ ਤਾਂ ਪਹਾੜ ਜਿੱਡੀ ਜ਼ਿੰਦਗੀ ਪਈ ਐ! ਇਹਦਾ ਸੋਚੋ ਕੁਸ਼!" ਰਿਸ਼ਤੇਦਾਰਾਂ 'ਚੋਂ ਕਿਸੇ ਬਜ਼ੁਰਗ ਦੀ ਇਸ ਗੱਲ ਨਾਲ ਸਾਰਿਆਂ ਦੇ ਦਿਲ ਅੰਦਰ ਚੱਲ ਰਹੀ ਕਸ਼ਮਕਸ਼ ਬਾਹਰ ਆ ਗਈ। ਪਰ ਹੱਲ ਕਿਸੇ ਕੋਲ ਕੋਈ ਨਹੀਂ ਸੀ। ਜੇ ਬਲਵੀਰ ਦਾ ਕੋਈ ਛੋਟਾ ਭਰਾ ਹੁੰਦਾ ਤਾਂ ਮਨਪ੍ਰੀਤ ਨੂੰ ਉਹਦੇ ਲੜ ਲਾਉਣ ਦੀ ਸੋਚੀ ਜਾ ਸਕਦੀ ਸੀ। ਪਰ ਹੁਣ ਤਾਂ ਉਹਦੇ ਮਾਂ-ਬਾਪ ਕੋਲ ਉਹਨੂੰ ਆਪਣੇ ਨਾਲ ਲਿਜਾਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਹੁਣ ਉਹਦਾ ਸਹੁਰੇ ਘਰ ਰਹਿ ਵੀ ਕੀ ਗਿਆ ਸੀ— 'ਕੱਲੀ ਜ਼ਮੀਨ ਦੇ ਸਹਾਰੇ ਜ਼ਿੰਦਗੀ ਨਹੀਂ ਸੀ ਬਿਤਾਈ ਜਾ ਸਕਦੀ!

ਪਰ ਮਨਪ੍ਰੀਤ ਦੇ ਚਲੀ ਜਾਣ ਨਾਲ ਉਹਦੀ ਸੱਸ ਘਰ 'ਚ ਇਕੱਲੀ ਰਹਿ ਜਾਣੀ ਸੀ। ਪਹਿਲਾਂ ਪਤੀ ਦੀ ਅਚਨਚੇਤ ਮੌਤ ਨੇ ਉਹਨੂੰ ਅੱਧਿਆਂ ਕਰ ਦਿੱਤਾ ਸੀ। ਹੁਣ ਇਕਲੌਤਾ ਪੁੱਤ ਵੀ ਚੱਲ ਵੱਸਿਆ। ਉਸ ਵਿਚਾਰੀ ਨੇ ਕਿਹਦੇ ਸਹਾਰੇ ਜ਼ਿੰਦਗੀ ਕੱਟਣੀ ਸੀ?

ਮਨਪ੍ਰੀਤ ਦੇ ਮਾਂ-ਬਾਪ ਨੇ ਧੀ ਨੂੰ ਨਾਲ ਲਿਜਾਣ ਦਾ ਭਾਵੇਂ ਪਹਿਲਾਂ ਹੀ ਮਨ ਬਣਾ ਲਿਆ ਸੀ, ਪਰ ਲੋਕਾਚਾਰੀ ਕਰਕੇ ਉਹ ਆਪਣੇ ਮੂੰਹੋਂ ਕਹਿਣ ਤੋਂ ਡਰਦੇ ਸਨ। ਸੋ, ਗੱਲ ਮੁੜ-ਘਿੜ ਉੱਥੇ ਹੀ ਘੁੰਮੀ ਜਾ ਰਹੀ ਸੀ।

ਇਸ ਸਮੱਸਿਆ ਦਾ ਹੱਲ ਉਦੋਂ ਲੱਭਿਆ, ਜਦੋਂ ਮਨਪ੍ਰੀਤ ਨੇ ਆਪਣੇ ਮੂੰਹੋਂ ਕਿਹਾ, "ਮੈਂ ਮੰਮੀ ਨੂੰ ਕੱਲੀ ਛੱਡ ਕੇ ਨ੍ਹੀ ਜਾਣਾ! ਮੇਰੇ ਬਿਨਾ ਉਹਦਾ ਹੈ ਈ ਕੌਣ!"

"ਪਰ, ਧੀਏ! ਕਿਹਦੇ ਆਸਰੇ ਕੱਟੇਂਗੀ ਸਾਰੀ ਜ਼ਿੰਦਗੀ! ਜੇ ਜਬਾਕ-ਜੱਲਾ ਹੁੰਦਾ ਤਾਂ ਉਹਨੂੰ ਖਡਾ ਕੇ ਈ ਦਿਨ ਕਟੀ ਕਰ ਲੈਂਦੀ!"

ਪਰ ਮਨਪ੍ਰੀਤ ਨੇ ਸੋਚ-ਸਮਝ ਕੇ ਫੈਸਲਾ ਲਿਆ ਸੀ। ਉਹਦੀ ਦ੍ਰਿੜ੍ਹਤਾ ਵੇਖ ਕੇ ਮਾਂ-ਬਾਪ ਨੂੰ ਉਹਦੇ ਅੱਗੇ ਝੁਕਣਾ ਪਿਆ। ਉਹਨਾਂ ਨੇ ਸੋਚਿਆ, ਏਸ ਔਖੀ ਘੜੀ ਵੇਲੇ ਰੌਲ਼ਾ ਪਾਉਣ ਦਾ ਕੋਈ ਫਾਇਦਾ ਨਹੀਂ ਸੀ। ਇਹ ਗੱਲਾਂ ਤਾਂ ਥੋੜ੍ਹਾ ਸਮਾਂ ਪੈ ਕੇ ਮੁੜ-ਵਿਚਾਰੀਆਂ ਜਾ ਸਕਦੀਆਂ ਸਨ।

ਸੱਥ ਵਿੱਚ ਇਸ ਬਾਰੇ ਚਰਚਾ ਹੋਣ ਲੱਗੀ, "ਬਈ, ਕੁੜੀ ਨੇ ਬੜੀ ਦਲੇਰੀ ਦਖਾਈ!........ ਪੁੰਨ ਖੱਟ ਗਈ, ਬਈ! ਦੇਖ ਲੈ, ਜਵਾਨੀ ਕੁਰਬਾਨ ਕਰ 'ਤੀ ਆਪਣੀ ਸੱਸ ਦੀ ਸੇਵਾ ਪਿੱਛੇ!" ਇੱਕ ਬਜ਼ੁਰਗ ਨੇ ਮਨਪ੍ਰੀਤ ਬਾਰੇ ਗੱਲ ਕੀਤੀ।

"ਸੱਸ ਦੀ ਸੇਵਾ ਪਿੱਛੇ ਨ੍ਹੀਂ, ਬਾਬਾ! ਪਾਲੇ ਪਿੱਛੇ!" ਨਾਲ ਬੈਠੇ ਇੱਕ ਮੁੰਡੇ ਨੇ

ਜਵਾਬ ਦਿੱਤਾ। ਉਹਦੀ ਹਿਮਾਇਤ ਵਿੱਚ ਦੂਜਾ ਮੁੰਡਾ ਬੋਲ ਪਿਆ, "ਏਸ ਦੇ ਚਾਲਿਆਂ ਨੇ ਮਾਰਿਐ ਬਲਬੀਰ!....... ਇਹਦਾ ਇਹ ਨ੍ਹੀਂ ਪਤਾ, ਕੁਸ਼ ਦੇ-ਦੂ ਤਾ ਹੋਵੇ ਉਹਨੂੰ!"

"ਉਏ, ਆਪਾਂ ਕਿਹੜਾ ਅੱਖੀਂ ਦੇਖਿਐ! ਰੱਬ ਨੂੰ ਈ ਪਤੈ!" ਬਾਬੇ ਨੇ ਸਿਆਣਪ ਨਾਲ ਆਪਣਾ ਪੱਲੜਾ ਭਾਰੀ ਕਰਨ ਦੀ ਕੋਸ਼ਿਸ਼ ਕੀਤੀ।

"ਦੇਖਿਆ ਈ ਹੋਇਐ, ਬਾਬਾ! ਸਾਰਾ ਪਿੰਡ ਜਾਣਦੈ, ਇਹਦੀਆਂ ਪਾਲੇ ਨਾਲ ਕਰਤੂਤਾਂ!" ਪਹਿਲੇ ਨੌਜਵਾਨ ਨੇ ਦ੍ਰਿੜ੍ਹਤਾ ਨਾਲ ਬਜ਼ੁਰਗ ਨੂੰ ਝੁਠਲਾਉਣ ਦੀ ਕੋਸ਼ਿਸ਼ ਕੀਤੀ।

"ਓ, ਕਾਹਨੂੰ, ਕਾਕਾ! ਸ਼ਰਾਬ ਨੇ ਗੁਰਦੇ ਗਾਲ 'ਤੇ ਉਹਦੇ! ਕਹਿਣ ਨੂੰ ਜੋ ਮਰਜੀ ਕਹੀ ਚੱਲੋ!" ਇੱਕ ਅੱਧਖੜ ਉਮਰ ਦੇ ਵਿਅਕਤੀ ਨੇ ਵੀ ਆਪਣਾ ਪੱਖ ਰੱਖਿਆ।

"ਓ, ਕਾਹਨੂੰ, ਚਾਚਾ!......" ਸਿਰ ਮਾਰਦਿਆਂ ਪਹਿਲਾ ਨੌਜਵਾਨ ਚੁੱਪ ਕਰ ਗਿਆ।

ਬਾਬੇ ਨੇ ਵੀ ਗੱਲ ਦਾ ਰੁਖ ਮੋੜਿਆ, "......... ਜੋ ਵੀ ਐ, ਭਾਈ! ਘਰ ਖਾਲੀ ਹੋ ਗਿਆ ਵਚਾਰਿਆਂ ਦਾ! ਪਹਿਲਾਂ ਪਿਉ ਤੁਰ ਗਿਆ, ਤੇ ਹੁਣ ਆਪ......!"

ਕੁਝ ਸਾਲ ਪਹਿਲਾਂ ਐਕਸੀਡੈਂਟ 'ਚ ਬਾਪ ਦੀ ਮੌਤ ਤੋਂ ਬਾਅਦ ਜ਼ਮੀਨ ਤੇ ਖੇਤੀਬਾੜੀ ਬਲਵੀਰ ਸਿਰ ਆ ਪਈ ਸੀ।

ਬਲਵੀਰ ਸੀ ਤਾਂ ਸਾਊ ਕਿਸਮ ਦਾ, ਪਰ ਉਹ ਸ਼ਰਾਬ ਬਹੁਤ ਪੀਂਦਾ ਸੀ। ਉਹਦੀ ਮਾਂ ਨੂੰ ਡਰ ਪੈਦਾ ਹੋ ਗਿਆ—"ਕਿਤੇ ਸਾਰੀ ਜ਼ਮੀਨ ਢਾਣੀਆਂ 'ਚ ਦਾਰੂ ਪੀ ਕੇ ਈ ਨਾ ਉੜਾ ਦਵੇ!"

ਕਈਆਂ ਨੇ ਉਸ ਨੂੰ ਸੁਝਾਅ ਦਿੱਤਾ, "ਮੁੰਡੇ ਦਾ ਵਿਆਹ ਕਰਦੇ! ਆਪੇ ਸੁਧਰ ਜਾਊ।"

ਮਾਂ ਨੇ ਵੀ ਸੋਚਿਆ, "ਕੀ ਪਤੈ, ਬਹੂ 'ਚ ਖੁੱਭ ਕੇ ਘਰ ਵੱਲ ਧਿਆਨ ਦੇਣ ਲੱਗ-ਪੇ!"

ਤੇ ਉਸਦੀ ਸੋਚ ਸਹੀ ਸਿੱਧ ਹੋਈ। ਵਿਆਹ ਤੋਂ ਬਾਅਦ ਬਲਵੀਰ ਦੀ ਸ਼ਰਾਬ ਪੀਣ ਦੀ ਆਦਤ ਬਹੁਤ ਘਟ ਗਈ। ਹੁਣ ਜੇ ਉਹ ਪੀਂਦਾ ਵੀ ਸੀ ਤਾਂ ਕਿਸੇ ਵਿਆਹ-ਸ਼ਾਦੀ ਦੇ ਮੌਕੇ ਤੇ। ਢਾਣੀਆਂ ਦੀ ਸੰਗਤ ਤਾਂ ਉਹਨੇ ਬਿਲਕੁਲ ਹੀ ਤਿਆਗ ਦਿੱਤੀ।

ਰਿਸ਼ਤੇਦਾਰੀ ਤੇ ਗੁਆਂਢ ਦੀਆਂ ਬੁੱਢੀਆਂ ਵੀ ਗੱਲਾਂ ਕਰਨ ਲੱਗ ਪਈਆਂ, "ਨੀ, ਬਹੂ ਨੇ ਤਾਂ ਕਮਾਲ ਈ ਕਰ ਤੀ!........!"

"ਵੀਰਾ ਤਾਂ ਹੁਣ ਭਾਬੀ ਦੀਆਂ ਅੱਖਾਂ ਨਾਲ ਈ ਨਸ਼ਿਆਇਆ ਰਹਿੰਦੈ! ਹੁਣ ਦਾਰੂ ਉਹਨੇ ਕੀ ਕਰਨੀ ਐ!" ਦੂਰੋਂ ਲੱਗਦੀਆਂ ਭੈਣਾਂ ਟਿੱਚਰ-ਮਖੌਲ ਕਰਦੀਆਂ।

"ਕੀ ਗੱਲ ਭਰਾਵਾ, ਵਿਆਹ ਕਰਵਾ ਕੇ ਤਾਂ ਤੂੰ ਸਾਨੂੰ ਭੁੱਲ ਈ ਗਿਐਂ!"

ਵਿਆਹ ਤੋਂ ਕੁਝ ਮਹੀਨੇ ਬਾਅਦ ਪਾਲਾ ਬਲਵੀਰ ਦੇ ਘਰ ਆਇਆ ਸੀ।

"ਨਹੀਂ, ਯਾਰ.......! ਉਹ ਗੱਲ ਨ੍ਹੀਂ!....... ਬੱਸ! ਤੈਨੂੰ ਪਤਾ ਈ ਐ, ਮੈਂ ਪੀਣੀ ਘਟਾ 'ਤੀ!" ਬਲਵੀਰ ਨੇ ਸਾਵਧਾਨੀ ਨਾਲ ਸ਼ਬਦ ਇਕੱਠੇ ਕੀਤੇ।

"ਮੈਨੂੰ ਤਾਂ ਆਪ ਖ਼ੁਸ਼ੀ ਐ, ਬਈ, ਪੀਣੀ ਘੱਟ ਕਰ 'ਤੀ! ਪਰ, ਯਾਰੀ ਤਾਂ ਨ੍ਹੀਂ ਛੱਡੀ!"

"ਨਹੀਂ, ਯਾਰ! ਆਪਣੀ ਯਾਰੀ ਕਿੱਥੋਂ ਟੁੱਟ ਜਾਊ!" ਬਲਵੀਰ ਨੇ ਪਾਲੇ ਦੇ ਮੋਢੇ ਤੇ ਹੱਥ ਧਰਿਆ।

ਮਨਪ੍ਰੀਤ ਚਾਹ ਲੈ ਆਈ।

"ਸਤਿ ਸ੍ਰੀ ਅਕਾਲ, ਭਾਬੀ!" ਪਾਲਾ ਮਨਪ੍ਰੀਤ ਨੂੰ ਸੰਬੋਧਿਤ ਹੋਇਆ। ਮਨਪ੍ਰੀਤ ਨੇ ਹੌਲ਼ੀ ਆਵਾਜ਼ 'ਚ ਜਵਾਬ ਦਿੱਤਾ।

"ਸੰਗਣ ਦੀ ਲੋੜ ਨ੍ਹੀਂ! ਇਹ ਤਾਂ ਮਿੱਤਰ ਐ ਆਪਣਾ! ਆਸਟ੍ਰੇਲੀਆ ਜਾਣ ਦੀਆਂ ਤਿਆਰੀਆਂ ਕਰੀ ਜਾਂਦੈ!" ਬਲਵੀਰ ਨੇ ਪਾਲੇ ਦੀ ਜਾਣ-ਪਹਿਚਾਣ ਕਰਵਾਉਣ ਦੇ ਲਹਿਜੇ ਵਿੱਚ ਕਿਹਾ।

"ਚਲੇ ਤਾਂ ਹੁਣ ਨੂੰ ਕਦੋਂ ਦੇ ਜਾਂਦੇ, ਬਲਬੀਰ ਬਾਈ! ਬੱਸ, ਯਾਰਾਂ-ਬੇਲੀਆਂ ਨੂੰ ਛੱਡ ਕੇ ਜਾਣ ਨੂੰ ਜੀਅ ਨ੍ਹੀਂ ਕਰਦਾ!" ਕਹਿੰਦਿਆਂ ਪਾਲੇ ਨੇ ਟੇਢੀ ਨਜ਼ਰ ਨਾਲ ਮਨਪ੍ਰੀਤ ਨੂੰ ਨੁਹਾਰਿਆ।

"ਤੂੰ, ਪਾਲਿਆ, ਘਰ ਈ ਆ ਜਿਆ ਕਰ, ਯਾਰ! ਬਾਹਰ ਜਾਣ ਤੋਂ ਤਾਂ ਤੇਰੀ ਭਾਬੀ ਗੁੱਸਾ ਕਰੂ!" ਬਲਵੀਰ ਪਾਲੇ ਦੇ ਪੱਟ ਤੇ ਹੱਥ ਮਾਰ ਕੇ ਹੱਸ ਪਿਆ।

ਉਸ ਦਿਨ ਤੋਂ ਬਾਅਦ ਬਲਵੀਰ ਤੇ ਪਾਲਾ ਕਦੇ ਕਦਾਈਂ ਬੈਠਕ 'ਚ ਬੈਠ ਕੇ ਥੋੜੀ-ਬਹੁਤ ਸ਼ਰਾਬ ਪੀ ਲੈਂਦੇ। ਪਾਲੇ ਦੇ ਦੂਰੋਂ ਲੱਗਦੇ ਚਾਚੇ ਦਾ ਮੁੰਡਾ, ਹਰਦੀਪ, ਵੀ ਉਹਨਾਂ 'ਚ ਸ਼ਾਮਿਲ ਹੋਣ ਲੱਗ ਪਿਆ।

"ਚਲ, ਢਾਣੀਆਂ 'ਚ ਬਹਿ ਕੇ ਰੋਜ਼ ਪੀਣ ਨਾਲੋਂ ਤਾਂ ਚੰਗੈ!....... ਨਾਲ਼ੇ...... ਮੁੰਡੇ-ਖੁੰਡਿਆਂ ਤੇ ਬਹੁਤੀ ਪਾਬੰਦੀ ਲਾਈ ਵੀ ਚੰਗੀ ਨੀ ਹੁੰਦੀ!" ਬਲਵੀਰ ਦੀ ਮਾਂ ਆਪਣੇ ਮਨ ਵਿੱਚ ਹੀ ਸੋਚਦੀ ਰਹਿੰਦੀ। ਵੈਸੇ ਵੀ ਮਨਪ੍ਰੀਤ ਤੇ ਉਸਦਾ ਭਰੋਸਾ ਬਹੁਤ ਬੱਝ ਗਿਆ ਸੀ ਕਿ ਉਹ ਆਪਣੇ-ਆਪ ਬਲਵੀਰ ਨੂੰ ਸੰਭਾਲ ਲਵੇਗੀ। ਪਤੀ ਦੀ ਮੌਤ ਤੋਂ ਬਾਅਦ ਖ਼ੁਦ ਉਸ ਵਿੱਚ ਇੰਨੀ ਹਿੰਮਤ ਨਹੀਂ ਸੀ ਬਚੀ ਕਿ ਘਰ ਵਿੱਚ ਟੋਕਾ-ਟਾਕੀ ਕਰਦੀ ਫਿਰੇ।

ਪਾਲੇ ਤੇ ਹਰਦੀਪ 'ਚੋਂ ਜੇ ਕੋਈ ਮਨਪ੍ਰੀਤ ਨੂੰ ਮਜ਼ਾਕ ਵੀ ਕਰ ਦਿੰਦਾ ਤਾਂ ਮਨਪ੍ਰੀਤ ਤੋਂ ਡਰਦਾ ਬਲਵੀਰ ਪਹਿਲਾਂ ਹੀ ਬੋਲ ਪੈਂਦਾ, "ਬਈ, ਭਾਬੀ ਐਂ ਤੂੰ ਇਹਨਾਂ ਦੀ!" ਤੇ ਮਨਪ੍ਰੀਤ ਬੁੱਲ੍ਹੀਆਂ 'ਚ ਮੁਸਕੁਰਾਉਂਦੀ ਕਮਰੇ 'ਚੋਂ ਬਾਹਰ ਚਲੀ ਜਾਂਦੀ।

ਹਰਦੀਪ ਨੂੰ ਤਾਂ ਮਨਪ੍ਰੀਤ ਨੇ ਕਦੇ ਬਹੁਤਾ ਗੌਲ਼ਿਆ ਨਾ, ਪਰ ਪਾਲੇ ਦਾ ਮਜ਼ਾਕ ਕਰਨਾ ਉਸਨੂੰ ਚੰਗਾ-ਚੰਗਾ ਲੱਗਣ ਲੱਗ ਪਿਆ ਸੀ। ਉਹ ਚਾਹੁਣ ਲੱਗ

ਪਈ ਸੀ ਕਿ ਪਾਲਾ ਕਿਸੇ ਨਾ ਕਿਸੇ ਬਹਾਨੇ ਉਸ ਨਾਲ ਗੱਲਾਂ ਕਰਦਾ ਰਹੇ। ਸਜ-ਧਜ ਕੇ ਆਇਆ ਪਾਲਾ ਉਸਨੂੰ ਖਿੱਚ ਪਾਉਂਦਾ ਸੀ।

ਮਨਪ੍ਰੀਤ ਨੂੰ ਜਿਵੇਂ ਕੁਝ ਵੱਖਰਾ ਮਹਿਸੂਸ ਹੋਣ ਲੱਗ ਪਿਆ ਸੀ। ਉਸਨੂੰ ਹੁਣ ਬਲਵੀਰ ਦੀ ਪਕੜ ਵੀ ਢਿੱਲੀ ਮਹਿਸੂਸ ਹੋਣ ਲੱਗ ਪਈ। ਕਈ ਵਾਰ ਰਾਤ ਨੂੰ ਉਸਨੂੰ ਲੱਗਦਾ ਜਿਵੇਂ ਬਲਵੀਰ ਉਸਨੂੰ 'ਨੋਚ' ਰਿਹਾ ਹੋਵੇ।

"ਦੇਖ, ਕੁੜੀਏ! ਤੇਰੇ ਸਿਰ ਦਾ ਸਾਈਂ ਐ ਉਹ.......!" ਵਿਆਹ ਤੋਂ ਪਹਿਲਾਂ ਮਾਂ ਨੇ ਉਸਨੂੰ ਬਹੁਤ ਸਾਰੀਆਂ ਗੱਲਾਂ ਸਮਝਾਈਆਂ ਸਨ। ਜੋ ਮਾਂ-ਬਾਪ ਨੇ ਕੀਤਾ ਸੀ, ਉਸਨੇ ਖ਼ੁਸ਼ੀ-ਖ਼ੁਸ਼ੀ ਕਬੂਲ ਕਰ ਲਿਆ ਸੀ।

ਪਰ ਹੁਣ ਮਨਪ੍ਰੀਤ ਅੰਦਰ ਇੱਕ ਵਿਦਰੋਹ ਪਲਣ ਲੱਗ ਪਿਆ ਸੀ। ਉਸਨੂੰ ਮਹਿਸੂਸ ਹੁੰਦਾ ਰਹਿੰਦਾ ਕਿ ਉਸ ਨੇ ਆਪਣੀ ਇੱਛਾ-ਅਣਇੱਛਾ ਬਾਰੇ ਕਦੇ ਸੋਚਿਆ ਹੀ ਨਹੀਂ ਸੀ।

ਬਾਰ੍ਹਵੀਂ 'ਚ ਪੜ੍ਹਦਿਆਂ ਇੱਕ ਮੁੰਡੇ ਨੇ ਉਸ ਨੂੰ ਦੋਸਤੀ ਕਰਨ ਲਈ ਵੀ ਕਿਹਾ ਸੀ। ਪਰ ਡਰਦਿਆਂ ਮਨਪ੍ਰੀਤ ਨੇ ਉਸਨੂੰ ਡਾਂਟ ਦਿੱਤਾ ਸੀ। ਉਸ ਤੋਂ ਬਾਅਦ ਮਨਪ੍ਰੀਤ ਚਾਹੁੰਦੀ ਰਹੀ ਕਿ ਉਹ ਮੁੰਡਾ ਦੁਬਾਰਾ ਫਿਰ ਉਸ ਨਾਲ ਗੱਲ ਕਰੇ, ਪਰ ਉਹ ਮੁੜ ਕੇ ਨਹੀਂ ਆਇਆ। ਨਿਰਾਸ਼ ਹੋ ਕੇ ਮਨਪ੍ਰੀਤ ਨੇ ਭਵਿੱਖ 'ਚ ਹੋਣ ਵਾਲੇ ਆਪਣੇ ਵਿਆਹ ਦੇ ਸੁਪਨਿਆਂ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ ਸੀ।

ਪਰ ਹੁਣ ਮਨਪ੍ਰੀਤ ਨੂੰ ਮਹਿਸੂਸ ਹੋਣ ਲੱਗਿਆ ਕਿ ਇਹ ਉਹ ਵਿਆਹ ਨਹੀਂ ਸੀ ਜਿਸਦੇ ਉਸ ਨੇ ਸੁਪਨੇ ਲਏ ਸਨ। ਉਸ ਦਾ ਵਿਆਹ ਤਾਂ ਪਾਲੇ ਵਰਗੇ 'ਟੋਹਰੀ' ਮੁੰਡੇ ਨਾਲ ਹੋਣਾ ਚਾਹੀਦਾ ਸੀ।

"ਭਾਬੀ, ਤੇਰੀਆਂ ਅੱਖਾਂ ਬਹੁਤ ਸੋਹਣੀਆਂ ਨੇ!" ਪਾਲੇ ਨੇ ਗੱਲਾਂ-ਗੱਲਾਂ ਵਿੱਚ ਜਿਸ ਦਿਨ ਉਸਨੂੰ ਕਿਹਾ ਸੀ, ਉਸ ਤੋਂ ਬਾਅਦ ਉਹ ਕਈ ਦਿਨ ਸ਼ੀਸ਼ੇ ਵਿੱਚ ਆਪਣੀਆਂ ਅੱਖਾਂ ਨੂੰ ਹੀ ਵੇਖਦੀ ਰਹੀ ਸੀ।

"ਭਾਬੀ! ਤੂੰ ਮੇਰੀਆਂ ਗੱਲਾਂ ਦਾ ਗੁੱਸਾ ਤਾਂ ਨੀਂ ਕਰਦੀ?" ਇੱਕ ਦਿਨ ਬੈਠਕ 'ਚ ਬੈਠਿਆਂ ਪਾਲੇ ਨੇ ਉਸ ਤੋਂ ਪੁੱਛਿਆ। ਬਲਵੀਰ ਨੇ ਹਾਲੀਂ ਖੇਤੋਂ ਮੁੜਨਾ ਸੀ। ਪਾਲਾ ਵੀ ਕੁਝ ਛੇਤੀ ਹੀ ਆ ਕੇ ਉਸਦੀ ਉਡੀਕ ਕਰਨ ਲੱਗ ਪਿਆ ਸੀ। ਮਨਪ੍ਰੀਤ ਦੀ ਸੱਸ ਰਿਸ਼ਤੇਦਾਰੀ ਵਿੱਚ ਕਿਧਰੇ ਗਈ ਹੋਈ ਸੀ।

"ਅੱਗੇ ਕਦੇ ਮੈਂ ਤੇਰੀ ਗੱਲ ਦਾ ਗੁੱਸਾ ਕੀਤੈ?" ਮਨਪ੍ਰੀਤ ਨੇ ਸੰਗਦਿਆਂ ਜਵਾਬ ਦਿੱਤਾ।

"ਭਾਬੀ! ਅਸਲ 'ਚ, ਤੇਰੀਆਂ ਅੱਖਾਂ ਦੀ ਤਰੀਫ ਕੀਤੇ ਬਿਨਾਂ ਮੈਂ ਰਹਿ ਈ ਨ੍ਹੀਂ ਸਕਦਾ........!" ਪਾਲੇ ਨੇ ਮਨਪ੍ਰੀਤ ਦੀਆਂ ਅੱਖਾਂ ਵਿੱਚ ਅੱਖਾਂ ਪਾਈਆਂ।

ਮਨਪ੍ਰੀਤ ਨੇ ਮੁਸਕੁਰਾ ਕੇ ਅੱਖਾਂ ਝੁਕਾ ਲਈਆਂ, "ਐਮੇ ਝੂਠੀ ਤਰੀਫ.......!"

"ਸੱਚੀਂ!"

ਮਨਪ੍ਰੀਤ ਹਾਲੀਂ ਸੋਚ ਹੀ ਰਹੀ ਸੀ ਕਿ ਉਹ ਕੀ ਜਵਾਬ ਦੇਵੇ ਕਿ ਉਸਨੂੰ

ਆਪਣੇ ਹੱਥ ਉੱਪਰ ਪਾਲੇ ਦੇ ਹੱਥਾਂ ਦੀ ਛੋਹ ਮਹਿਸੂਸ ਹੋਈ।

ਮਨਪ੍ਰੀਤ ਅੰਦਰੋਂ ਇਕ ਆਵਾਜ਼ ਉੱਠੀ ਕਿ ਉਹ ਉਸਦੇ ਹੱਥ ਨੂੰ ਪਰ੍ਹਾਂ ਝਟਕ ਦੇਵੇ, "ਇਹ ਗ਼ਲਤ ਐ!" ਪਰ ਨਾਲ ਹੀ ਉਸਨੂੰ ਸਕੂਲ ਸਮੇਂ ਦੀ ਮੁੰਡੇ ਵਾਲੀ ਘਟਨਾ ਯਾਦ ਆਈ। ਉਹ ਮੁੜ ਕੇ ਉਹੀ ਗ਼ਲਤੀ ਨਹੀਂ ਸੀ ਕਰਨਾ ਚਾਹੁੰਦੀ, "ਕਿਤੇ ਪਾਲਾ ਵੀ ਮੁੜ ਕੇ ਨਾ ਈ ਆਵੇ......!"

ਪਾਲੇ ਦੇ ਹੱਥ ਅੱਗੇ ਵਧਦੇ ਚਲੇ ਗਏ।

ਮਨਪ੍ਰੀਤ ਨੂੰ ਲੱਗਿਆਂ ਉਹ ਮੋਮਬੱਤੀ ਨੂੰ ਜਲਾਉਣ ਤੋਂ ਬਾਅਦ ਉਸਦੀ ਮੋਮ ਵਾਂਗ ਪਿਘਲ ਰਹੀ ਸੀ।

ਪਾਲੇ ਦੇ ਜਾਣ ਤੋਂ ਬਾਅਦ ਉਸ ਨੇ ਮਹਿਸੂਸ ਕੀਤਾ ਕਿ ਜ਼ਿੰਦਗੀ ਦੇ ਕਾਗ਼ਜ਼ ਤੇ ਕੁਝ ਵੱਖਰੇ ਅੱਖਰ ਲਿਖੇ ਜਾ ਚੁੱਕੇ ਸਨ। ਨਾਲ ਹੀ ਉਸ ਅੰਦਰੋਂ ਆਵਾਜ਼ ਉੱਠੀ, "ਇਹ ਮੈਂ ਕੀ ਕਰ ਲਿਆ। ਜੇ ਕਿਸੇ ਨੂੰ ਪਤਾ ਲੱਗ ਗਿਆ ਤਾਂ........!.......... ਪਾਪ..........!" ਤੇ ਉਸ ਨੇ ਇਰਾਦਾ ਬਣਾ ਲਿਆ ਕਿ ਉਹ ਇਸਨੂੰ ਦੁਹਰਾਏਗੀ ਨਹੀਂ।

ਅਗਲੀ ਵਾਰ ਇੱਕਲਿਆਂ ਫਿਰ ਜਦੋਂ ਪਾਲਾ ਉਸਨੂੰ ਛੂਹਣ ਲੱਗਿਆ ਤਾਂ ਮਨਪ੍ਰੀਤ ਨੇ ਦ੍ਰਿੜ੍ਹਤਾ ਨਾਲ ਉਸ ਦਾ ਹੱਥ ਪਰ੍ਹਾਂ ਹਟਾ ਦਿੱਤਾ, "ਨਹੀਂ, ਪਾਲੇ! ਗਲਤ ਐ ਏਹ!"

"ਪਿਆਰ 'ਚ ਕੀ ਗਲਤ ਹੁੰਦੈ, ਭਾਬੀ?"

"ਬੱਸ! ਆਪਣਾ ਰਿਸ਼ਤਾ ਗੱਲਾਂ-ਬਾਤਾਂ ਤੱਕ ਈ ਠੀਕ ਐ!"

"ਜਿਵੇਂ ਤੇਰੀ ਮਰਜ਼ੀ!" ਕਹਿ ਕੇ ਪਾਲਾ ਕੁਰਸੀ ਤੇ ਬੈਠ ਗਿਆ। ਗੱਲਾਂ-ਗੱਲਾਂ ਵਿੱਚ ਪਾਲੇ ਨੇ ਦੁਬਾਰਾ ਉਸ ਦਾ ਹੱਥ ਫੜ ਲਿਆ।

"ਜੇ ਕਿਸੇ ਨੂੰ ਪਤਾ ਲੱਗ ਗਿਆ.......ਫੇਰ?" ਮਨਪ੍ਰੀਤ ਨੇ ਧੜਕਦੇ ਦਿਲ ਨਾਲ ਕਿਹਾ। ਇਸ ਵਾਰ ਉਸ ਦਾ ਵਿਰੋਧ ਪਹਿਲਾਂ ਨਾਲੋਂ ਹਲਕਾ ਸੀ।

"ਕਿਸੇ ਨੂੰ ਨ੍ਹੀ ਪਤਾ ਲੱਗਦਾ..........!"

ਤੇ ਮਨਪ੍ਰੀਤ ਇਸ ਤੋਂ ਵੱਧ ਵਿਰੋਧ ਨਾ ਕਰ ਸਕੀ।

ਇਸ ਵਾਰ ਜਦੋਂ ਪਾਲਾ ਗਿਆ ਤਾਂ ਮਨਪ੍ਰੀਤ ਅੰਦਰਲੇ ਗੁਨਾਹ ਦਾ ਅਹਿਸਾਸ ਬਹੁਤ ਹੀ ਹਲਕਾ ਸੀ।

.........ਤੇ ਇਸ ਤਰ੍ਹਾਂ ਇਹ ਸਿਲਸਿਲਾ ਚਲਦਾ ਰਿਹਾ।

ਇੱਕ ਦਿਨ ਪਾਲੇ ਦੀ ਛਾਤੀ ਤੇ ਸਿਰ ਰੱਖੀ ਪਈ ਮਨਪ੍ਰੀਤ ਨੇ ਉਸ ਨੂੰ ਪੁੱਛਿਆ, "ਪਾਲਿਆ, ਆਪਣਾ ਹਾਏਂ ਕਦੋਂ ਤੱਕ ਚੱਲੂਗਾ?"

"ਜ਼ਿੰਦਗੀ ਭਰ", ਪਾਲੇ ਦਾ ਇੱਕ-ਟੁੱਕ ਜਵਾਬ ਸੀ।

"ਨਹੀਂ....... ਮੇਰਾ ਮਤਲਬ.......ਜਦੋਂ ਤੇਰਾ ਵਿਆਹ ਹੋ ਗਿਆ......ਫੇਰ...?"

"ਤੂੰ ਫਿਕਰ ਨਾ ਕਰ! ਜੇ ਮੈਂ ਵਿਆਹ ਕਰਵਾਇਆ, ਤਾਂ ਤੇਰੇ ਨਾਲ ਈ ਕਰਵਾਊਂ!"

"ਆਪਣਾ ਵਿਆਹ ਕਿਮੇਂ........?"

"ਆਪਾਂ ਦੋਵੇਂ ਆਸਟ੍ਰੇਲੀਆ ਭੱਜ ਚੱਲਾਂਗੇ।"

ਪਰ ਪਾਲਾ ਹੁਣ ਇਕੱਲਾ ਹੀ ਆਸਟ੍ਰੇਲੀਆਂ ਦੀ ਉਡਾਣ ਫੜ ਗਿਆ ਸੀ।

ਪਿੰਡ ਦੇ ਮੁੰਡਿਆਂ ਵਿੱਚ ਚਰਚਾ ਸੀ ਕਿ ਉਹ ਬਲਵੀਰ ਦੀ ਮੌਤ ਕਰਕੇ ਇੰਨਾ ਡਰ ਗਿਆ ਸੀ ਕਿ ਉਹ ਭੋਗ ਤੋਂ ਕੁਝ ਦਿਨਾਂ ਵਿੱਚ ਹੀ ਆਸਟ੍ਰੇਲੀਆ ਚਲਿਆ ਗਿਆ ਸੀ। ਸ਼ਾਇਦ ਉਸਨੂੰ ਡਰ ਸੀ ਕਿ ਬਲਵੀਰ ਦੀ ਮੌਤ ਤੋਂ ਬਾਅਦ ਲੋਕ ਉਸ ਵੱਲ ਉਂਗਲਾਂ ਚੁੱਕਣਗੇ।

ਮਨਪ੍ਰੀਤ ਨਾਲ ਉਸਦੇ ਰਿਸ਼ਤੇ ਦੀਆਂ ਗੱਲਾਂ ਤਾਂ ਪਹਿਲਾਂ ਹੀ ਪਿੰਡ ਵਿੱਚ ਆਮ ਹੋ ਗਈਆਂ ਸਨ। ਕਦੇ-ਕਦਾਈਂ ਇਹ ਗੱਲਾਂ ਬਲਵੀਰ ਦੇ ਕੰਨ ਵਿੱਚ ਵੀ ਪੈਣ ਲੱਗ ਪਈਆਂ ਸਨ।

ਹੁਣ ਉਸ ਨੇ ਪਾਲੇ ਤੇ ਹਰਦੀਪ ਦੀ ਥਾਂ ਘਰੋਂ ਬਾਹਰ ਹੋਰ ਮੁੰਡਿਆਂ ਨਾਲ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ।

ਉਸ ਦਿਨ ਉਸਨੇ ਘਰ ਆਉਂਦਿਆਂ ਜਦੋਂ ਪਾਲੇ ਨੂੰ ਆਪਣੀ ਗਲੀ 'ਚੋਂ ਨਿਕਲਦਿਆਂ ਵੇਖਿਆਂ ਤਾਂ ਉਸ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ ਸੀ। ਅੱਗ-ਭਮੂਕਾ ਹੋਇਆ ਉਹ ਘਰ ਵੜਿਆ ਸੀ ਤੇ ਅੰਦਰ ਵੜਦਿਆਂ ਹੀ ਉਹ ਮਨਪ੍ਰੀਤ ਤੇ ਵਰ੍ਹ ਪਿਆ ਸੀ, "ਤੇਰੀ ਮਾਂ ਨੂੰ...... ਕੁੱਤੀ ਰੰਨ.......! ........ ਬਗਾਨੇ ਥਾਂ ਮੂੰਹ ਮਾਰਦੀ ਫਿਰਦੀ ਐਂ!.........!"

ਮਨਪ੍ਰੀਤ ਨੇ ਪਹਿਲੀ ਵਾਰ ਉਸਨੂੰ ਇਸ ਰੂਪ ਵਿੱਚ ਵੇਖਿਆ ਸੀ। ਉਹ ਚੁੱਪ-ਚਾਪ ਉਸ ਦੀਆਂ ਗਾਲ੍ਹਾਂ ਸੁਣਦੀ ਘਰ ਦੇ ਕੰਮ ਕਰਦੀ ਰਹੀ ਸੀ।

ਉਸ ਦਾ ਰੌਲ਼ਾ ਸੁਣ ਕੇ ਬੁੱਢੀਆਂ ਨੇ ਜਦੋਂ ਗੁਆਢੀਆਂ ਦੇ ਬੈਠੀ ਉਸ ਦੀ ਮਾਂ ਨੂੰ ਘਰ ਭੇਜਿਆ, ਉਸ ਤੋਂ ਪਹਿਲਾਂ ਹੀ ਬਲਵੀਰ ਘਰੋਂ ਬਾਹਰ ਨਿਕਲ ਗਿਆ ਸੀ।

ਰਾਤ ਨੂੰ ਦੇਰ ਨਾਲ ਜਦੋਂ ਉਹ ਘਰ ਵੜਿਆ ਤਾਂ ਸ਼ਰਾਬ ਨਾਲ ਰੱਜਿਆ ਹੋਇਆ ਸੀ। ਉਸ ਦਾ ਸ਼ਰੀਰ ਡਿੱਕ-ਡੌਲੇ ਖਾ ਰਿਹਾ ਸੀ ਤੇ ਉਸ ਦੀ ਜ਼ੁਬਾਨ ਥਥਲਾ ਰਹੀ ਸੀ। ਵਿਆਹ ਤੋਂ ਬਾਅਦ ਪਹਿਲੀ ਵਾਰ ਉਸਨੇ ਇੰਨੀ ਸ਼ਰਾਬ ਪੀਤੀ ਸੀ।

ਉਸ ਨੂੰ ਲੜਖੜਾਉਂਦੇ ਨੂੰ ਮਾਂ ਨੇ ਫੜ ਕੇ ਮੰਜੇ ਤੇ ਬਿਠਾਇਆ। ਮੰਜੇ ਤੇ ਉਹ ਇੱਕੋ ਦਮ ਡਿੱਗ ਪਿਆ, ਤੇ ਥੋੜ੍ਹੀ ਦੇਰ ਬਾਅਦ ਸੌਂ ਗਿਆ।

ਸਵੇਰੇ ਜਦੋਂ ਮਨਪ੍ਰੀਤ ਨੇ ਉਸ ਨੂੰ ਚਾਹ ਫੜਾਉਣ ਲੱਗਿਆਂ ਉਠਾਇਆ, ਤਾਂ ਉਸ ਦੇ ਸਾਹ ਖ਼ਤਮ ਸਨ।

ਭੋਗ ਤੋਂ ਬਾਅਦ ਮਨਪ੍ਰੀਤ ਉਡੀਕਦੀ ਰਹੀ ਕਿ ਪਾਲੇ ਦਾ ਕੋਈ ਨਾ ਕੋਈ ਸੁਨੇਹਾ ਆਵੇਗਾ। ਪਰ ਜਦੋਂ ਸਮਾਂ ਬੀਤਣ ਨਾਲ ਉਸਦਾ ਮੱਥਾ ਠਣਕਣ ਲੱਗਿਆ, ਤਾਂ ਉਸ ਨੇ ਖ਼ੁਦ ਕੋਸ਼ਿਸ਼ ਕਰਨ ਦੀ ਸੋਚੀ, "ਹੋਰ ਨਹੀਂ ਤਾਂ, ਜੇ ਉਹਦਾ ਫੋਨ ਨੰਬਰ ਈ ਮਿਲ-ਜੇ!"

ਉਸ ਨੂੰ ਉਮੀਦ ਦੀ ਇੱਕੋ-ਇੱਕ ਕਿਰਨ ਹਰਦੀਪ 'ਚ ਨਜ਼ਰ ਆਈ। ਉਹਨੇ

ਹਰਦੀਪ ਨੂੰ ਉਹਦੇ ਬਾਹਰਲੇ ਘਰ ਇਕੱਲਿਆਂ ਮਿਲਣ ਦਾ ਪ੍ਰੋਗਰਾਮ ਬਣਾਇਆ।

"ਹਾਂ ਭਾਬੀ! ਦੱਸ ?" ਦੱਬੇ ਬੁੱਲ੍ਹਾਂ 'ਚ ਮੁਸਕੁਰਾਉਂਦਿਆਂ ਹਰਦੀਪ ਬੋਲਿਆ।

"ਹਰਦੀਪ, ਪਾਲੇ ਦਾ ਫੋਨ ਨੰਬਰ ਹੋਗਾ ਐ ਤੇਰੇ ਕੋਲ, ਆਸਟ੍ਰੇਲੀਆ ਦਾ ਕੋਈ?"

"ਉਹਦਾ ਨੰਬਰ ਕਿੱਥੇ, ਭਾਬੀ! ਉਹ ਤਾਂ ਲੁਕ ਕੇ ਉਡਾਰੀ ਮਾਰ ਗਿਆ!"

"ਹਾਏਂ ਪਤੈ, ਕਿਹੜੇ ਸ਼ਹਿਰ 'ਚ ਐ ਉਹ, ਆਸਟ੍ਰੇਲੀਆ 'ਚ ? ਕਿਸੇ ਤੋਂ ਪਤਾ ਈ ਕਰਾਇਆ ਜਾ ਸਕਦੈ!"

"ਕੋਈ ਥਹੁ-ਪਤਾ ਨੀਂ ਉਹਦਾ!........," ਹਰਦੀਪ ਨੇ ਅੱਕੇ ਹੋਏ ਤਰੀਕੇ ਨਾਲ ਹੱਥ ਮਾਰਿਆ, "......... ਐਨਾ ਈ ਪਤੈ, ਬਈ, ਆਸਟ੍ਰੇਲੀਆ ਪਹੁੰਚ ਗਿਐ! ਉਹਦੇ ਘਰਦਿਆਂ ਨੂੰ ਵੀ ਐਦੋਂ ਵੱਧ ਕੁਸ਼ ਨ੍ਹੀਂ ਪਤਾ!....... ਜਾਂ ਖਬਰੈ, ਸਾਨੂੰ ਨਾ ਦੱਸਦੇ ਹੋਣ!........."

"ਅੱਛਿਆ!........" ਕਹਿੰਦਿਆਂ ਮਨਪ੍ਰੀਤ ਹਾਲੀਂ ਸੋਚ ਹੀ ਰਹੀ ਸੀ ਕਿ ਉਹ ਹਰਦੀਪ ਤੋਂ ਪਾਲੇ ਬਾਰੇ ਹੋਰ ਕੀ ਪਤਾ ਕਰ ਸਕਦੀ ਸੀ ਕਿ ਤਦੇ ਉਸ ਨੂੰ ਆਪਣੇ ਖੱਬੇ ਹੱਥ ਤੇ ਮਰਦਾਨਾ ਹੱਥ ਦੀ ਛੋਹ ਮਹਿਸੂਸ ਹੋਈ। ਉਹ ਤ੍ਰਭਕ ਕੇ ਪਿੱਛੇ ਹਟ ਗਈ।

"......... ਗੰਗਾ ਗਈਆਂ ਹੱਡੀਆਂ ਹੁਣ ਕਿੱਥੇ ਮੁੜਦੀਆਂ ਨੇ, ਭਾਬੀ!....... ਤੂੰ ਫਿਕਰ ਨਾ ਕਰ......... ਅਸੀਂ ਹੈਗੇ ਆਂ ਨਾ........!" ਕਹਿੰਦਿਆਂ ਹਰਦੀਪ ਦੀਆਂ ਅੱਖਾਂ ਕਾਮੁਕਤਾ ਦੀ ਕਲਪਨਾ ਨਾਲ ਨਸ਼ਿਆਈਆਂ ਪਈਆਂ ਸਨ। ਜਦੋਂ ਹਰਦੀਪ ਨੇ ਦੂਜੀ ਵਾਰ ਹੱਥ ਅੱਗੇ ਵਧਾਇਆ ਤਾਂ ਮਨਪ੍ਰੀਤ ਨੇ ਉਸਨੂੰ ਝਟਕਾ ਦਿੱਤਾ, "ਹਰਦੀਪ.....!" ਉਸਨੂੰ ਇਸ ਨਾਲੋਂ ਵੱਧ ਨਾ ਸੁੱਝੀ।

ਫਿਰ ਅਗਲੇ ਹੀ ਪਲ ਉਹ ਤੇਜ਼ ਕਦਮੀਂ ਗੇਟ ਵੱਲ ਤੁਰ ਪਈ।

"ਤੈਨੂੰ ਤਾਂ ਪਾਲੇ ਤੋਂ ਬਿਨਾ ਹੋਰ ਦੀਂਹਦਾ ਈ ਨੀ ਕੁਸ! .......! ......... ਸਾਨੂੰ ਕੀ ਹੋਇਐ ?.........," ਪਿੱਛੋਂ ਉਸ ਨੂੰ ਹਰਦੀਪ ਦੀ ਆਵਾਜ਼ ਸੁਣ ਰਹੀ ਸੀ।

ਘਰ ਪਹੁੰਚਦਿਆਂ ਹੀ ਮਨਪ੍ਰੀਤ ਨੇ ਮਾਂ ਨੂੰ ਫੋਨ ਮਿਲਾਇਆ।

"ਮੰਮੀ.......!" ਉਸ ਨੇ ਭਿੱਜੀ ਹੋਈ ਆਵਾਜ਼ 'ਚ ਗੱਲ ਕੀਤੀ।

"ਹਾਂ, ਮਨਪ੍ਰੀਤ ?"

"ਮੈਨੂੰ ਲੈ ਜੋ ਐਥੋਂ!......." ਉਸ ਨੇ ਬੜੇ ਔਖੇ ਹੋ ਕੇ ਰੋਣ ਦੇ ਵੇਗ ਨੂੰ ਰੋਕਿਆ।

"ਕੀ ਹੋਇਆ, ਕੁੜੇ?.......," ਮਾਂ ਦੀ ਘਬਰਾਈ ਹੋਈ ਆਵਾਜ਼ ਆਈ।

"......... ਮੇਰੇ ਸਿਰ ਦਾ ਸਾਈਂ........!" ਕੋਸ਼ਿਸ਼ ਦੇ ਬਾਵਜੂਦ ਉਸ ਅੰਦਰਲਾ ਬੰਨ੍ਹ ਟੁੱਟ ਗਿਆ, ਤੇ ਉਸਦੀ ਭੁੱਬ ਨਿੱਕਲ ਗਈ।

# ਪੁਰਾਣੇ ਦਿਨ

ਸਾਰੇ ਹੈਰਾਨ ਸਨ ਕਿ ਆਪਾ ਇਸ ਗੱਲ ਤੇ ਅੜੀ ਕਿਉਂ ਹੋਈ ਸੀ। ਸ਼ੌਕਤ ਸਾਹਿਬ ਵੀ ਉਸ ਅੱਗੇ ਬੇਵੱਸ ਨਜ਼ਰ ਆ ਰਹੇ ਸੀ।

"ਅੰਮੀ! ਜੇ ਆਪਾਂ ਪੂਜਾ ਹੁਰ੍ਹਾਂ ਨੂੰ ਬੁਲਾਵਾਂਗੇ ਤਾਂ ਬੂਆ ਦੀਆਂ ਕੁੜੀਆਂ ਵੀ ਤਾਂ ਹੈਗੀਆਂ ਨੇ! ਉਹਨਾਂ ਦੇ ਸਹੁਰੇ ਉਹਨਾਂ ਨੂੰ ਤਾਅਨੇ ਮਾਰਨਗੇ, ਅਖੇ—ਤੇਰੇ ਮਾਮੇ ਨੇ ਆਪਣੀ ਧੀ ਦੇ ਵਿਆਹ ਤੇ ਬਗਾਨੀ ਕੁੜੀ ਤਾਂ ਸੱਦ ਲਈ, ਪਰ ਥੋਨੂੰ ਛੱਡ 'ਤਾਂ!" ਤਬੱਸੁਮ ਨੇ ਆਪਾ ਨਾਲ ਗੱਲ ਕੀਤੀ। ਹਾਲਾਂਕਿ ਲਾੜੀ ਦਾ ਘਰ ਦੇ ਕੰਮਾਂ-ਕਾਰਾਂ ਵਿੱਚ ਬੋਲਣਾ ਉਸ ਨੂੰ ਖ਼ੁਦ ਨੂੰ ਵੀ ਸਹੀ ਨਹੀਂ ਸੀ ਲੱਗਦਾ, ਪਰ ਆਪਾ ਦੀ ਗੱਲ ਦਾ ਅਸਰ ਰਿਸ਼ਤਿਆਂ ਤੇ ਪੈਣ ਦੇ ਡਰੋਂ ਉਸ ਨੂੰ ਬੋਲਣਾ ਪਿਆ ਸੀ।

"ਫੇਰ, ਜੇ ਹਾਏਂ ਐ ਤਾਂ... ਤੇਰੀ ਬੂਆ ਦੀਆਂ ਕੁੜੀਆਂ ਨੂੰ ਵੀ ਬਲਾ ਲੈਨੇ ਆਂ!"

"ਪਰ, ਅੰਮੀ! ਮੁੰਡੇ ਆਲਿਆਂ ਨੇ ਕਿਹਾ ਤਾਂ ਹੋਇਐ, ਬਈ, 'ਕੱਠ ਨਾ ਕਰਿਓ! ਉਹ ਪੰਜ ਬੰਦੇ ਬਰਾਤ ਦੇ ਲੈ ਕੇ ਆਉਣਗੇ, ਤੇ ਏਥੇ ਆਪਣੇ ਏਨਾ 'ਕੱਠ ਦੇਖ ਕੇ ਅਗਲੇ ਬੇਜਤੀ ਨ੍ਹੀਂ ਮੰਨਣਗੇ!" ਤਬੱਸੁਮ ਦਾ ਆਵਾਜ਼ 'ਚ ਖਿਝ ਰਲ਼ ਗਈ ਸੀ, "... ਫੇਰ, ਨਾਲੇ ਜੇ ਪੂਜਾ ਦੀਦੀ ਹੁਰ੍ਹਾਂ ਨੂੰ ਬਲਾਉਣੈ, ਤਾਂ ਗੁਆਂਢ ਦੇ ਜਿਹੜੇ ਲੋਕ ਛੱਡੇ ਨੇ, ਉਹਨਾਂ ਸਾਰਿਆਂ ਨੂੰ ਵੀ ਵਿਆਹ ਤੇ ਬੁਲਾਉਣਾ ਪਊ!"

ਸਾਰੇ ਹੈਰਾਨ ਸਨ ਕਿ ਘਰ ਦੀ ਕਬੀਲਦਾਰੀ ਨੂੰ ਸੰਭਾਲਣ ਵਾਲੀ ਹਲੀਮਾ ਆਪਾ ਨੇ ਇੰਨੀ ਜ਼ਿੱਦ ਕਿਉਂ ਫੜੀ ਹੋਈ ਸੀ।

ਜਦੋਂ ਪੂਜਾ ਤੇ ਸਚਿਨ ਉਹਨਾਂ ਦਾ ਘਰ ਛੱਡ ਕੇ ਗਏ ਸਨ, ਤਾਂ ਉਦੋਂ ਵੀ ਸਾਰੇ ਹੈਰਾਨ ਸਨ ਕਿ ਅਚਾਨਕ ਉਹਨਾਂ ਨੇ ਇਹ ਫੈਸਲਾ ਕਿਉਂ ਲਿਆ ਸੀ। ਸਭ ਤੋਂ ਵੱਡੀ ਗੱਲ, ਆਪਾ ਨੇ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਨਾ ਕੋਈ ਲੜਾਈ, ਨਾ ਝਗੜਾ! ਜਿੰਨੇ ਵੀ ਕਿਰਾਏਦਾਰ ਆਪਾ ਦੇ ਮਕਾਨ ਵਿੱਚ ਰਹਿ ਕੇ ਗਏ ਸਨ, ਸਾਰੇ ਉਸ ਦੀਆਂ ਸਿਫਤਾਂ ਕਰਦੇ ਸਨ।

ਆਪਾ ਸੀ ਵੀ ਮਿਲਾਪੜੇ ਸੁਭਾਅ ਦੀ! ਉਸ ਦਾ ਪਤੀ ਸ਼ੌਕਤ ਤਾਂ ਚੁੱਪ-ਚੁਪੀਤੇ ਸੁਭਾਅ ਵਾਲਾ ਤੇ ਆਪਣੇ ਕੰਮ ਵਿੱਚ ਮਸਤ ਰਹਿਣ ਵਾਲਾ ਬੰਦਾ ਸੀ, ਜਿਸ 'ਤੇ 'ਮੁੱਲਾਂ ਦੀ ਦੌੜ ਮਸੀਤ ਤੱਕ' ਵਾਲੀ ਗੱਲ ਪੂਰੀ ਢੁਕਦੀ ਸੀ। ਸਵੇਰੇ ਮੂੰਹ-ਹਨ੍ਹੇਰੇ ਹੀ ਦੁਕਾਨ ਤੇ ਚਲੇ ਜਾਣਾ ਤੇ ਰਾਤ ਨੂੰ ਦੇਰ ਨਾਲ ਘਰ ਵਾਪਿਸ ਆਉਣਾ। ਲੋਕਾਂ ਦੇ ਦੁੱਖਾਂ-ਸੁੱਖਾਂ ਵਿੱਚ ਆਪਾ ਹੀ ਜਾਇਆ ਕਰਦੀ ਸੀ। ਇਸੇ ਕਰਕੇ ਲੋਕ ਆਪਾ ਦੇ ਘਰ ਦਾ ਪਤਾ ਉਸ ਦੇ ਪਤੀ ਦੇ ਨਾਂ ਦੀ ਬਜਾਇ ਆਪਾ ਦੇ ਨਾਂ ਨਾਲ ਹੀ ਜਾਣਦੇ ਸਨ।

ਪੂਜਾ ਹੁਰ੍ਹਾਂ ਦਾ ਤਾਂ ਆਪਾ ਨਾਲ ਡੂੰਘਾ ਪਿਆਰ ਪੈ ਗਿਆ ਸੀ। ਪੂਜਾ ਵਿੱਚ ਆਪਾ ਨੂੰ ਆਪਣੀ ਜਵਾਨ ਹੋ ਰਹੀ ਤਬੱਸੁਮ ਦਾ ਰੂਪ ਸਾਕਾਰ ਹੋਇਆ ਨਜ਼ਰ ਆਉਂਦਾ ਸੀ। ਇਸੇ ਕਰਕੇ ਉਹ ਪੂਜਾ ਨਾਲ ਧੀਆਂ ਵਾਲੇ ਚਾਅ-ਲਾਡ ਕਰਦੀ ਰਹਿੰਦੀ ਸੀ। ਪੂਜਾ ਤੇ ਸਚਿਨ ਦੇ ਵਿਆਹ ਨੂੰ ਵੀ ਕੋਈ ਛੇ ਕੁ ਮਹੀਨੇ ਹੀ ਹੋਏ ਸਨ ਤੇ ਪਹਿਲੇ ਦਿਨੋਂ ਹੀ ਦੋਵੇਂ ਆਪਾ ਦੇ ਚੁਬਾਰੇ ਵਿੱਚ ਰਹਿ ਰਹੇ ਸਨ।

ਨਵੀਂ ਵਿਆਹੀ ਹੋਣ ਕਰਕੇ ਪੂਜਾ ਦੇ ਵੀ ਅਰਮਾਨ ਸਨ ਕਿ ਸਹੁਰੇ ਘਰ ਵਿੱਚ ਸਾਰੇ ਉਸ ਨਾਲ ਚਾਅ-ਲਾਡ ਕਰਨ। ਪਰ ਸਚਿਨ ਦੀ ਨੌਕਰੀ ਕਰਕੇ ਦੋਹਾਂ ਨੂੰ ਮਾਂ-ਬਾਪ ਕੋਲੋਂ ਦੂਰ ਰਹਿਣਾ ਪੈ ਰਿਹਾ ਸੀ। ਇਸੇ ਕਰਕੇ ਉਸ ਨੂੰ ਆਪਾ ਦਾ ਪਿਆਰ ਕਰਨਾ ਚੰਗਾ ਲੱਗਦਾ ਸੀ।

ਰੱਖੜੀ ਵਾਲੇ ਦਿਨ ਤਾਂ ਕਮਾਲ ਹੀ ਹੋ ਗਈ! ਜਦੋਂ ਪੂਜਾ ਨੇ ਸ਼ੌਕਤ ਸਾਹਿਬ ਅੱਗੇ ਰੱਖੜੀ ਬੰਨ੍ਹਣ ਦੀ ਪੇਸ਼ਕਸ਼ ਕੀਤੀ ਤਾਂ ਉਹ ਝੱਟ ਤਿਆਰ ਹੋ ਗਏ। ਰੱਖੜੀ ਬੰਨ੍ਹਵਾਉਣ ਤੋਂ ਬਾਅਦ ਜਦੋਂ ਪੂਜਾ ਨੂੰ ਉਹਨਾਂ ਨੇ ਪੰਜ ਸੌ ਦਾ ਨੋਟ ਕੱਢ ਕੇ ਫੜਾਇਆ ਤਾਂ ਪੂਜਾ ਨੇ ਨਾਂਹ-ਨੁੱਕਰ ਕੀਤੀ, "ਰਹਿਣ ਦਿਓ, ਭਾਈਜਾਨ! ਐਨੇ ਪੈਸੇ ਨ੍ਹੀਂ.... ਘੱਟ ਦੇ ਦਿਉ!" ਸ਼ੌਕਤ ਸਾਹਿਬ ਧੱਕੇ ਨਾਲ ਉਸ ਦੇ ਹੱਥ ਵਿੱਚ ਪੈਸੇ ਫੜਾਉਂਦਿਆਂ ਆਖਣ ਲੱਗੇ, "ਲੈ ਲੈ, ਕੁੜੀਏ! ਭੈਣਾਂ ਤਾਂ ਵੀਰਾਂ ਕੋਲੋਂ ਧੱਕੇ ਨਾਲ ਖੋਹ ਕੇ ਵੀ ਲੈ ਜਾਂਦੀਆਂ ਹੁੰਦੀਆਂ ਨੇ!"

ਉਸ ਦਿਨ ਸਾਰਿਆਂ ਨੇ ਮਹਿਸੂਸ ਕੀਤਾ ਸੀ ਕਿ ਇਸ ਮਸ਼ੀਨੀ ਜਿਹੇ ਬੰਦੇ ਅੰਦਰ ਕਿੱਡਾ ਪਿਆਰ ਭਰਿਆ ਦਿਲ ਪਿਆ ਸੀ।

ਪਰ ਪੂਜਾ ਦਾ ਰਵੱਈਆ ਉਹਨੀ ਦਿਨੀਂ ਆਪਾ ਨੂੰ ਓਪਰਾ ਜਿਹਾ ਲੱਗਣ ਲੱਗ ਪਿਆ ਸੀ। ਕੁਝ ਦਿਨਾਂ ਤੋਂ ਆਪਾ ਦੇਖ ਰਹੀ ਸੀ ਕਿ ਹੁਣ ਉਹ ਉੱਪਰ ਆਪਣੇ ਕਮਰੇ 'ਚ ਹੀ ਤੜੀ ਰਹਿੰਦੀ ਸੀ—ਬਹੁਤੇ ਖ਼ਾਸ ਕੰਮ ਨੂੰ ਹੀ ਹੇਠਾਂ ਆਉਂਦੀ, ਤੇ ਫਿਰ ਫਟਾਫਟ ਉੱਪਰ ਚੜ੍ਹ ਜਾਂਦੀ। ਉਸ ਨੂੰ ਮਹਿਸੂਸ ਹੋ ਰਿਹਾ ਸੀ ਕਿ ਹੁਣ ਪੂਜਾ ਉਸ ਨੂੰ ਘੱਟ ਹੀ ਬੁਲਾਉਂਦੀ ਸੀ।

ਸ਼ਾਮੀਂ ਜਦੋਂ ਆਪਾ ਤੇ ਗੁਆਂਢਣ, ਸ਼ਹਿਨਾਜ਼ ਚਾਚੀ, ਗੱਲਾਂ ਕਰ ਰਹੀਆਂ ਸਨ ਤਾਂ ਗੁਜਰਾਤ ਦੇ ਦੰਗਿਆਂ ਦੀ ਗੱਲ ਛਿੜ ਪਈ।

"ਨੀ, ਭੈਣੇ! ਕਹਿੰਦੇ, ਉਥੇ ਤਾਂ ਮੁਸਲਮਾਨਾਂ ਨੂੰ ਘਰਾਂ 'ਚ ਜਾ-ਜਾ ਕੇ ਮਾਰਦੇ ਨੇ!" ਚਾਚੀ ਨੇ ਫ਼ਿਕਰਮੰਦ ਲਹਿਜੇ 'ਚ ਆਲੇ-ਦੁਆਲੇ ਤੋਂ ਬਚਾ ਕੇ ਗੱਲ ਕੀਤੀ।

"ਆਹੋ, ਚਾਚੀ!.... ਆਪਾਂ ਇਹਨਾਂ ਨੂੰ ਜਿੰਨਾ ਮਰਜੀ ਪਿਆਰ ਕਰ ਲਈਏ, ਪਰ ਇਹਨਾਂ ਨੂੰ ਪਰਵਾਹ ਨ੍ਹੀਂ!"

"ਅੱਲਾਹ ਖ਼ੈਰ ਕਰੇ, ਧੀਏ! 'ਸੰਤਾਲੀ' ਵੇਲੇ ਵੀ ਆਹੀ ਕੁਸ਼ ਹੋਇਆ ਤੀ!...", ਅਤੇ ਚਾਚੀ ਆਪਾ ਨੂੰ ਵੰਡ ਵੇਲੇ ਦੇ ਕਿੱਸੇ ਸੁਣਾਉਣ ਲੱਗ ਪਈ।

ਰਾਤ ਨੂੰ ਆਪਾ ਦੀ ਨੀਂਦ ਉੱਡ ਗਈ। ਉਸ ਨੂੰ ਪਈ-ਪਈ ਨੂੰ ਲੱਗਿਆ ਕਿ ਜਿਵੇਂ ਦੂਰ ਕਿਤੇ ਲੋਕਾਂ ਦੇ ਰੌਲ਼ੇ ਦੀ ਆਵਾਜ਼ ਆ ਰਹੀ ਹੋਵੇ।

ਅਚਾਨਕ ਉਸ ਨੂੰ ਲੱਗਿਆ ਕਿ ਜਿਵੇਂ ਗੋਲੀ ਚੱਲੀ ਹੋਵੇ। ਉਸ ਨੇ ਧਿਆਨ ਲਾ ਕੇ ਸੁਣਨ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਸੱਚਮੁੱਚ ਸ਼ਹਿਰ ਵਿੱਚ ਕੋਈ ਗੜਬੜ ਹੋ ਗਈ ਸੀ, ਜਾਂ ਉਸ ਨੂੰ ਸਿਰਫ਼ ਭੁਲੇਖਾ ਹੀ ਪੈ ਰਿਹਾ ਸੀ।

"ਮੇਰੇ ਮਾਲਕਾ! ਰਹਿਮ ਕਰੀਂ!" ਦਿਲ ਵਿੱਚ ਆਪਾ ਦੁਆ ਮੰਗ ਰਹੀ ਸੀ।

ਅਚਾਨਕ ਉਸ ਨੂੰ ਲੱਗਿਆ ਕਿ ਜਿਵੇਂ ਮੁਹੱਲੇ ਦੇ ਸਾਰੇ ਹਿੰਦੂ ਇਕੱਠੇ ਹੋ ਕੇ ਉਹਨਾਂ ਨੂੰ ਮਾਰਨ ਆ ਗਏ ਹੋਣ। ਆਪਾ ਦਾ ਦਿਲ 'ਧਕ-ਧਕ' ਕਰਨ ਲੱਗ ਪਿਆ। ਉਸ ਨੇ ਖਿੜਕੀ ਵਿੱਚੋਂ ਬਾਹਰ ਦੇਖਿਆ ਤਾਂ ਬਾਹਰ ਸਿਰਫ਼ ਹਨ੍ਹੇਰਾ ਸੀ। "ਹੇ ਅੱਲਾਹ! ਤੂੰ ਹੀ ਬਚਾਉਣ ਵਾਲੈਂ!"

ਥੋੜ੍ਹੀ ਦੇਰ ਟਿਕਾਉ ਰਿਹਾ ਤੇ ਫਿਰ ਆਪਾ ਨੂੰ ਕਿਸੇ ਦੇ ਕਦਮਾਂ ਦੀ ਆਹਟ ਸੁਣਾਈ ਦਿੱਤੀ। ਉਸ ਨੇ ਖਿੜਕੀ ਰਾਹੀਂ ਬਾਹਰ ਦੇਖਿਆ। ਇੱਕ ਪਰਛਾਈ ਵਿਹੜੇ ਵਿੱਚ ਗ਼ੁਸਲਖ਼ਾਨੇ ਵੱਲ ਜਾ ਰਹੀ ਸੀ।

ਆਪਾ ਨੇ ਸੋਚਿਆ ਕਿ ਉਹ ਤਬੱਸੁਮ ਦੇ ਅੱਬਾ ਨੂੰ ਜਗਾ ਲਵੇ, ਪਰ ਡਾਂਟ ਦੇ ਡਰੋਂ ਚੁੱਪ ਹੀ ਰਹੀ, "ਆਖਣਗੇ ਥੋਡਾ, ਜਨਾਨੀਆਂ ਦਾ, ਤਾਂ ਦਮਾਗ਼ ਈ ਖ਼ਰਾਬ ਹੁੰਦੈ!"

ਗ਼ੁਸਲਖ਼ਾਨੇ 'ਚੋਂ ਨਿੱਕਲ ਕੇ ਪਰਛਾਈ ਪੌੜੀਆਂ ਵੱਲ ਗਈ, ਤੇ ਫਿਰ ਪੌੜੀਆਂ ਚੜ੍ਹ ਗਈ।

ਆਪਾ ਨੂੰ ਕੁਝ ਤਸੱਲੀ ਮਹਿਸੂਸ ਹੋਈ।

ਪਰ ਉਸ ਦੇ ਦਿਮਾਗ਼ ਵਿੱਚ ਨਵਾਂ ਹੀ ਖ਼ਿਆਲ ਆ ਗਿਆ, "ਕਿਤੇ, ਸਚਿਨ ਨਾ ਕੁਸ਼....! ਕਿਤੇ, ਬਾਹਰੋਂ ਮੁੰਡੇ 'ਕੱਠੇ ਕਰ ਕੇ....," ....ਤੇ ਆਪਾ ਨੂੰ ਤਬੱਸੁਮ ਦੀ ਫਿਕਰ ਪੈ ਗਈ।

ਜਦੋਂ ਡਰ ਸਹਿਣਸ਼ੀਲਤਾ ਤੋਂ ਬਾਹਰ ਹੋ ਗਿਆ ਤਾਂ ਉਹ ਉੱਠੀ ਅਤੇ ਬਿਨਾ ਵਜ਼ੂ ਕੀਤਿਆਂ ਹੀ ਕੱਪੜਾ ਵਿਛਾ ਕੇ ਨਫ਼ਲ ਪੜ੍ਹਨ ਲੱਗ ਪਈ। ਧਿਆਨ ਨਮਾਜ਼ ਵੱਲ ਘੱਟ, ਆਲ਼ੇ-ਦੁਆਲ਼ੇ ਵੱਲ ਬਹੁਤਾ ਸੀ।

ਉਸ ਲਈ ਮਿੰਟ-ਮਿੰਟ ਕੱਢਣਾ ਔਖਾ ਹੋ ਗਿਆ।

ਜਦੋਂ ਫਜਰ ਦੀ ਆਜ਼ਾਨ ਹੋਈ ਤਾਂ ਆਪਾ ਨੂੰ ਕੁਝ ਹੌਸਲਾ ਹੋਇਆ।

ਨਮਾਜ਼ ਪੜ੍ਹਨ ਤੋਂ ਬਾਅਦ ਉਸ ਨੂੰ ਨੀਂਦ ਆ ਗਈ।

ਸਵੇਰੇ ਜਦੋਂ ਸਚਿਨ ਤਿਆਰ ਹੋ ਰਿਹਾ ਸੀ ਤਾਂ ਪੂਜਾ ਨੇ ਉਸ ਕੋਲ ਗੱਲ ਕੀਤੀ, "ਮੈਨੂੰ ਤਾਂ ਥੋਡੇ ਪਿੱਛੋਂ 'ਕੱਲੀ ਨੂੰ ਡਰ ਲੱਗਦਾ ਰਹਿੰਦੈ!"

"ਮੈਨੂੰ ਵੀ ਦੋ ਕੁ ਦਿਨਾਂ ਤੋਂ ਤੇਰੀ ਸਿਹਤ ਠੀਕ ਨ੍ਹੀਂ ਲੱਗ ਰਹੀ। ਰਾਤ ਨੂੰ ਵੀ, ਮੈਨੂੰ ਲੱਗਦੈ, ਤੈਨੂੰ ਨੀਂਦ ਘੱਟ ਈ ਆਉਂਦੀ ਐ!"

".... ਮੈਨੂੰ ਤਾਂ ਸਾਰੀ ਰਾਤ ਡਰ ਜਿਹਾ ਲੱਗਦਾ ਰਹਿੰਦੈ! ...ਕਈ ਵਾਰ ਮੈਨੂੰ

ਆਏਂ ਲੱਗਦੈ ਜਿਵੇਂ ਕਿਤੇ ਰੌਲਾ ਪੈ ਰਿਹਾ ਹੁੰਦੈ! ਰਾਤ ਮੈਨੂੰ ਲੱਗੀ ਜਾਵੇ.... ਬਈ, ਕਿਤੇ ਕੋਈ ਆਪਣਾ ਨੁਕਸਾਨ ਈ ਨਾ ਕਰ ਦੇਵੇ!"

"ਤਾਂ ਹੀ ਤਾਂ ਕਹਿਨਾਂ ਖ਼ਬਰਾਂ-ਖ਼ੁਬਰਾਂ ਘੱਟ ਦੇਖਿਆ ਕਰ! ....ਟੀ.ਵੀ. ਵਾਲਿਆਂ ਨੂੰ ਵੀ ਸਾਰਾ ਦਿਨ ਗੁਜਰਾਤ ਤੋਂ ਇਲਾਵਾ ਕੋਈ ਖ਼ਬਰ ਨ੍ਹੀਂ ਲੱਭਦੀ!"

".... ਮੈਨੂੰ ਤਾਂ, ਦੇਖਿਓ, ... ਆਪਾ ਹੁਰਾਂ ਤੋਂ ਵੀ ਡਰ ਜਿਹਾ...", ਪੂਜਾ ਨੇ ਦਬਵੀਂ ਆਵਾਜ਼ ਵਿੱਚ ਕਿਹਾ, "ਆਪਣੇ ਮੁਹੱਲੇ 'ਚ ਤਾਂ ਹੈਗੇ ਵੀ ਮੁਸਲਮਾਨ...!..."

"ਓ, ਨਹੀਂ!!... ਇਹੋ ਜਿਹੀ ਗੱਲ ਨ੍ਹੀਂ...!" ਸਚਿਨ ਨੇ ਗੱਲ ਨੂੰ ਨਕਾਰਨ ਦੀ ਕੋਸ਼ਿਸ਼ ਕੀਤੀ। ਪਰ ਉਸ ਦੇ ਅੰਦਰ ਨੇ ਉਸ ਦਾ ਪੂਰਾ ਸਾਥ ਨਾ ਦਿੱਤਾ।

"... ਪਰ, ਮੈਨੂੰ ਤਾਂ ਡਰ ਲੱਗਦੈ! ਮੈਂ ਤਾਂ ਕਹਿਨੀ ਆਂ, ਕਿਤੇ ਹੋਰ ਕਮਰਾ ਲੈ ਲਈਏ... ਆਪਣਿਆਂ 'ਚ ਕਿਤੇ!" ਪੂਜਾ ਨੇ ਫ਼ਿਕਰਮੰਦ ਲਹਿਜੇ 'ਚ ਆਪਣੇ ਮਨ ਵਿਚਲੀ ਗੱਲ ਬਾਹਰ ਕੱਢੀ।

ਕੁਝ ਦਿਨਾਂ ਬਾਅਦ ਉਹਨਾਂ ਨੇ ਆਪਣਾ ਕਮਰਾ ਬਦਲ ਲਿਆ।

"ਅਗਲੇ ਦੀ ਮਰਜ਼ੀ ਐ, ਭਾਈ! ਆਪਾਂ ਧੱਕਾ ਥੋੜ੍ਹਾ ਕਰ ਸਕਦੇ ਆਂ!" ਉਦੋਂ ਤਾਂ ਆਪਾ ਵੀ ਕਹਿ ਕੇ ਗੱਲ ਬੰਦ ਕਰ ਦਿੰਦੀ ਸੀ।

ਪਰ, ਹੁਣ ਕੁਝ ਸਾਲਾਂ ਤੋਂ ਆਪਾ ਪੂਜਾ ਕੋਲ ਜਾਣ-ਆਉਣ ਲੱਗ ਪਈ ਸੀ।

..."ਪਰ, ਆਏਂ ਜਾਣਨ ਵਾਲੇ ਤਾਂ ਆਪਣੇ ਬਥੇਰੇ ਨੇ! ਜੇ ਉਹਨਾਂ ਨੂੰ ਛੱਡ ਕੇ ਪੂਜਾ ਹੁਰ੍ਹਾਂ ਨੂੰ ਬਲਾਵਾਂਗੇ ਤਾਂ ਉਹ ਗੁੱਸਾ ਕਰਨਗੇ!" ਮਾਮਲੇ ਦੀ ਨਾਜ਼ੁਕਤਾ ਨੂੰ ਸਮਝਦੇ ਹੋਏ ਆਖ਼ਿਰ ਸ਼ੌਕਤ ਸਾਹਿਬ ਨੂੰ ਵੀ ਚੁੱਪ ਤੋੜਨੀ ਪਈ।

"ਤਬਸੁਮ ਦੇ ਅੱਬਾ! ਕੁੜੀ ਤਾਂ ਆਪਣੀ ਹੁਣ ਆਪਣੇ ਘਰ ਚਲੀ ਜਾਊ! ਘਰ ਜਮ੍ਹੀਂ ਸੁੰਞਾ ਹੋ-ਜੂ!" ਆਪਾ ਦਾ ਗਲਾ ਭਰ ਆਇਆ, "ਮੈਨੂੰ ਪਤਾ ਲੱਗਿਐ, ਪੂਜਾ ਹੁਰ੍ਹੀਂ ਵੀ ਆਪਦੇ ਹੁਣ ਆਲੇ ਮਕਾਨ 'ਚ ਖ਼ੁਸ਼ ਨ੍ਹੀਂ! ਜੇ ਪੂਜਾ ਹੁਰ੍ਹੀਂ ਮੁੜ ਕੇ ਆਪਣੇ ਮਕਾਨ 'ਚ ਆ ਜਾਣ ਤਾਂ ਤਬੱਸੁਮ ਦੀ ਕਮੀ ਪੂਰੀ ਹੋ ਜੂ! ਏਸੇ ਕਰਕੇ ਮੈਂ ਕਿਰਾਏ ਆਲਾ ਪਾਸਾ ਹਾਲੀਂ ਤੱਕ ਨ੍ਹੀਂ ਚੜ੍ਹਾਇਆ!... ਜੇ ਆਪਾਂ ਪੂਜਾ ਹੁਰ੍ਹਾਂ ਨੂੰ ਵਿਆਹ 'ਤੇ ਬੁਲਾ ਲੀਏ, ਤਾਂ ਪਰਾਣੀਆਂ ਤੰਦਾਂ ਜੁੜ ਜਾਣਗੀਆਂ! ਖਬਰੈ, ਪੁਰਾਣੇ ਦਿਨ ਮੁੜ ਆਉਣ!!"

ਆਪਾ ਦੀਆਂ ਅੱਖਾਂ 'ਚ ਚਮਕ ਦੇਖ ਕੇ ਸ਼ੌਕਤ ਲਾਜਵਾਬ ਹੋਇਆ ਖੜ੍ਹਾ ਸੀ।

# ਚਾਨਣ ਦੀ ਲੋਅ

ਊਸ਼ਾ ਨੇ ਚੀਕ਼ਣ ਦੀ ਕੋਸ਼ਿਸ਼ ਕੀਤੀ, ਪਰ ਉਸ ਦੀ ਆਵਾਜ਼ ਨਹੀਂ ਨਿੱਕਲੀ। ਆਵਾਜ਼ ਉਸ ਦੇ ਸੰਘ 'ਚ ਹੀ ਕਿਤੇ ਅਟਕੀ ਪਈ ਸੀ।

ਫਿਰ ਉਸ ਨੇ ਉੱਠਣ ਲਈ ਜ਼ੋਰ ਲਾਇਆ।

ਅਚਾਨਕ ਉਹ ਤ੍ਰਭਕ ਕੇ ਉੱਠ ਬੈਠੀ, "ਉਫ਼! ਕਿੰਨਾ ਭਿਆਨਕ ਸੁਪਨਾ ਸੀ!"

ਉਸ ਦੇ ਮੱਥੇ ਤੇ ਪਸੀਨੇ ਦੀਆਂ ਤ੍ਰੇਲ਼ੀਆਂ ਆਈਆਂ ਪਈਆਂ ਸਨ। ਆਪਣੇ ਤੇਜ਼ ਧੜਕਦੇ ਦਿਲ ਦੀ ਆਵਾਜ਼ ਉਸ ਨੂੰ ਸਾਫ ਸੁਣਾਈ ਦੇ ਰਹੀ ਸੀ।

ਉਸ ਨੇ ਨਾਲ ਪਏ ਰਕੇਸ਼ ਵੱਲ ਵੇਖਿਆ। ਉਹ ਗੂੜ੍ਹੀ ਨੀਂਦ ਵਿੱਚ ਸੁੱਤਾ ਪਿਆ ਸੀ।

ਉਹ ਖ਼ੁਦ ਵੀ ਮੁੜ ਪੈ ਗਈ।

ਉਸ ਦੀਆਂ ਅੱਖਾਂ ਮਿਚਣ ਲੱਗੀਆਂ। ਨੀਂਦ ਦਾ ਹੁਲਾਰਾ ਉਸ ਤੇ ਹਾਵੀ ਹੋਣ ਲੱਗਿਆ। ਤਦੇ ਹੀ ਉਸ ਨੇ ਪਟਾਕ ਦੇਣੇ ਅੱਖਾਂ ਖੋਲ੍ਹ ਲਈਆਂ।

ਨੀਂਦ ਕਰਕੇ ਉਸ ਦੀਆਂ ਅੱਖਾਂ ਮਿਚਦੀਆਂ ਜਾ ਰਹੀਆਂ ਸਨ, ਪਰ ਭੈੜੇ ਸੁਪਨੇ ਦੇ ਡਰੋਂ ਉਹ ਜਾਗਣ ਦੀ ਕੋਸ਼ਿਸ਼ ਕਰ ਰਹੀ ਸੀ।

ਉਹ ਫਿਰ ਉੱਠੀ, ਅਤੇ ਉੱਠ ਕੇ ਕਮਰੇ 'ਚੋਂ ਬਾਹਰ ਚਲੀ ਗਈ।

ਰਸੋਈ ਵਿੱਚ ਜਾ ਕੇ ਉਸ ਨੇ ਥੋੜ੍ਹਾ ਜਿਹਾ ਪਾਣੀ ਪੀਤਾ, ਫਿਰ ਖੁੱਲ੍ਹੀ ਹਵਾ ਲੈਣ ਲਈ ਵਰਾਂਢੇ ਵੱਲ ਤੁਰ ਪਈ।

ਵਰਾਂਢੇ ਵਿੱਚ ਫੈਲੇ ਕਾਲੇ ਹਨ੍ਹੇਰੇ ਤੋਂ ਉਸ ਨੂੰ ਭੈਅ ਆਇਆ, ਤੇ ਉਹ ਉਥੇ ਬਿਨਾ ਰੁਕੇ ਬੱਚਿਆਂ ਵਾਲੇ ਕਮਰੇ ਵੱਲ ਮੁੜ ਪਈ।

ਅਚਾਨਕ ਉਸ ਨੂੰ ਲੱਗਿਆ ਕਿ ਜਿਵੇਂ ਕੋਈ ਉਸ ਦੇ ਪਿੱਛੇ ਆ ਰਿਹਾ ਹੋਵੇ। ਉਸ ਨੇ ਪਿੱਛੇ ਮੁੜ ਕੇ ਵੇਖਿਆ। ਕੋਈ ਨਹੀਂ ਸੀ। ਉਸ ਦੇ ਸ਼ਰੀਰ ਵਿੱਚ ਝੁਣਝੁਣੀ ਜਿਹੀ ਉੱਠੀ, ਤੇ ਉਸ ਦੇ ਕਦਮ ਤੇਜ਼ ਹੋ ਗਏ।

ਕਮਰੇ ਦਾ ਦਰਵਾਜ਼ਾ ਖੋਲ੍ਹ ਕੇ ਉਸ ਨੇ ਬੱਤੀ ਜਗਾਈ।

ਟਿਊਬਲਾਈਟ ਦੇ ਚਾਨਣੇ ਨਾਲ ਸਾਹਮਣੀ ਕੰਧ ਤੇ ਟੰਗੀ ਵੱਡੀ ਤਸਵੀਰ ਚਮਕ ਉੱਠੀ। ਤਿੱਖੇ ਨੈਣ-ਨਕਸ਼ਾਂ ਵਾਲੀ ਗੋਰੀ ਰਜਨੀ ਤਸਵੀਰ ਵਿੱਚ ਮੁਸਕੁਰਾ ਰਹੀ ਸੀ।

"ਹੁਣ ਰਜਨੀ ਇਸ ਦੁਨੀਆ 'ਚ ਨਹੀਂ ਐ!" ਸੋਚ ਕੇ ਉਸ ਨੂੰ ਬੜਾ ਅਨੋਖਾ ਲੱਗਿਆ।

ਤਦੇ ਉਸ ਦੀ ਨਜ਼ਰ ਤਿਲਕਦੀ ਹੋਈ ਤਸਵੀਰ ਦੇ ਹੇਠਾਂ ਕੰਧ ਤੇ ਚਿਪਕਾਏ ਹੋਏ ਕਾਗ਼ਜ਼ ਦੇ ਟੁਕੜੇ ਤੇ ਪਈ। ਟੁੱਟੇ-ਭੱਜੇ ਗੁਰਮੁਖੀ ਦੇ ਅੱਖਰਾਂ 'ਚ ਲਿਖਿਆ ਹੋਇਆ ਸੀ—'ਮੇਰੀ ਪਿਆਰੀ ਮੰਮੀ।'

ਊਸ਼ਾ ਨੇ ਬੈੱਡ ਤੇ ਪਏ ਬੱਚਿਆਂ ਵੱਲ ਵੇਖਿਆ। ਅੱਠਾਂ ਕੁ ਸਾਲਾਂ ਦੀ ਪਿੰਕੀ, ਪੰਜ ਸਾਲਾਂ ਦੇ ਰਾਜੂ ਦੁਆਲੇ ਇਸ ਤਰ੍ਹਾਂ ਬਾਂਹ ਲਪੇਟੀ ਪਈ ਸੀ, ਜਿਵੇਂ ਉਸ ਦੀ ਵੱਡੀ ਭੈਣ ਨਹੀਂ, ਸਗੋਂ ਮਾਂ ਹੋਵੇ।

ਬੱਚਿਆਂ ਦੇ ਮਾਸੂਮ ਚਿਹਰੇ ਵੇਖ ਕੇ ਊਸ਼ਾ ਦੇ ਅੰਦਰੋਂ ਇੱਕ ਚੀਖ਼ ਉੱਠੀ, ਜਿਸ ਨੂੰ ਉਸ ਨੇ ਆਪਣੇ ਅੰਦਰ ਹੀ ਦਬਾਉਣ ਦੀ ਕੋਸ਼ਿਸ਼ ਕੀਤੀ।

ਜਦੋਂ ਉਸ ਲਈ ਉਥੇ ਖੜ੍ਹਨਾ ਅਸਹਿ ਹੋ ਗਿਆ ਤਾਂ ਉਹ ਬੱਤੀ ਬੁਝਾ ਕੇ ਤੇਜ਼ ਕਦਮੀਂ ਆਪਣੇ ਕਮਰੇ ਵੱਲ ਤੁਰ ਗਈ।

ਕਮਰੇ 'ਚ ਬੈੱਡ ਤੇ ਲੇਟਿਆਂ ਉਸ ਦੇ ਦਿਮਾਗ਼ 'ਚ ਲੇਡੀ ਇੰਸਪੈਕਟਰ ਦੇ ਆਖੇ ਸ਼ਬਦ ਘੁੰਮਣ ਲੱਗੇ। "ਜੇ ਕੋਈ ਵੀ ਹੋਰ ਇਨਫਰਮੇਸ਼ਨ ਧਿਆਨ 'ਚ ਆ ਜਾਏ ਤਾਂ ਮੇਰੇ ਇਸ ਨੰਬਰ ਤੇ ਫੋਨ ਕਰ ਦੇਣਾ," ਪੁੱਛ-ਗਿੱਛ ਤੋਂ ਬਾਅਦ ਊਸ਼ਾ ਨੂੰ ਨੰਬਰ ਦਿੰਦਿਆਂ ਇੰਸਪੈਕਟਰ ਉਸ ਵੱਲ ਟੇਢੀ ਨਿਗ੍ਹਾ ਨਾਲ ਝਾਕੀ ਸੀ।

"ਮੈਂ ਕਿਉਂ ਰਜਨੀ ਨੂੰ ਇਹਨਾਂ ਮੁਸੀਬਤਾਂ 'ਚ ਫਸਾਇਆ! ਨਾ ਮੈਂ ਉਹ ਦੇ ਨਾਲ ਮੁੜ ਨਾਤਾ ਜੋੜਨ ਦੀ ਕੋਸ਼ਿਸ਼ ਕਰਦੀ, ਤੇ ਨਾ ਉਹ ਦੇ ਨਾਲ ਆਹ ਬੀਤਦੀ!!" ਊਸ਼ਾ ਦੀ ਬੇਚੈਨੀ ਵਧਦੀ ਜਾ ਰਹੀ ਸੀ।

ਉਦੋਂ, ਵਿਆਹ ਤੋਂ ਬਾਅਦ, ਤਾਂ ਊਸ਼ਾ ਨੂੰ ਸਾਰੀ ਦੁਨੀ ਹੋਰ ਖ਼ੂਬਸੂਰਤ ਨਜ਼ਰ ਆਉਣ ਲੱਗ ਪਈ ਸੀ! ਉਸ ਦਾ ਆਪਣੀ ਮਨਪਸੰਦ ਦੇ ਮੁੰਡੇ ਨਾਲ ਵਿਆਹ ਜੋ ਹੋ ਗਿਆ ਸੀ!

ਊਸ਼ਾ ਦੇ ਪਰਿਵਾਰ ਵਾਲਿਆਂ ਨੂੰ ਤਾਂ ਕੋਈ ਇਤਰਾਜ਼ ਨਹੀਂ ਸੀ। ਸਿਰਫ ਰਕੇਸ਼ ਦੇ ਭਾਅ ਜੀ ਹੀ ਰਾਜ਼ੀ ਨਹੀਂ ਸਨ ਹੋ ਰਹੇ!

"ਭਾਅ ਜੀ ਨੂੰ ਇਹ ਐ ਕਿ ਲੋਕੀਂ ਕਹਿਣਗੇ ਮੁੰਡੇ ਨੂੰ ਨਾਲ ਦੀ ਗਲੀ 'ਚ ਹੀ ਵਿਆਹ ਲਿਆ!" ਰਕੇਸ਼ ਨੇ ਵਿਆਹ ਤੋਂ ਪਹਿਲਾਂ ਊਸ਼ਾ ਨੂੰ ਕਾਰਨ ਦੱਸਿਆ ਸੀ।

"ਪਰ ਇਹ ਗੱਲ ਤਾਂ ਉਹਨਾਂ ਨੂੰ ਉਦੋਂ ਸੋਚਣੀ ਚਾਹੀਦੀ ਸੀ, ਜਦੋਂ ਤੂੰ ਸਾਡੀ ਗਲੀ 'ਚ ਗੇੜੇ ਮਾਰਨੋਂ ਨਹੀਂ ਸੀ ਥੱਕਦਾ! ਉਦੋਂ ਤਾਂ ਮੇਰੇ ਨਾਂਹ ਕਰਨ ਤੇ ਤੂੰ ਮਰਨ ਲਈ ਤਿਆਰ ਹੋ ਗਿਆ ਸੀ!!" ਉਸ ਨੇ ਰਕੇਸ਼ ਨੂੰ ਝੰਜੋੜਨ ਦੀ ਕੋਸ਼ਿਸ਼ ਕੀਤੀ ਸੀ।

ਪਰ ਰਕੇਸ਼ ਆਪਣੇ ਭਾਅ ਜੀ ਅੱਗੇ ਬੇਬਸ ਸੀ। ਜੇ ਉਸ ਦੇ ਮਾਂ-ਬਾਪ ਜਿਉਂਦੇ ਹੁੰਦੇ, ਤਾਂ ਵੀ ਹੋਰ ਗੱਲ ਸੀ। ਹੁਣ ਤਾਂ ਭਾਅ ਜੀ ਹੀ ਉਸ ਦੇ ਸਭ ਕੁਝ ਸਨ, ਤੇ ਉਹ ਉਹਨਾਂ ਦੀ ਮਰਜ਼ੀ ਵਿਰੁੱਧ ਕਿਵੇਂ ਜਾ ਸਕਦਾ ਸੀ!

ਆਖ਼ਿਰਕਾਰ, ਊਸ਼ਾ ਦੇ ਮਾਂ-ਬਾਪ ਨੂੰ ਹੀ ਭਾਅ ਜੀ ਦੀਆਂ ਮਿੰਨਤਾਂ ਕਰਨੀਆਂ ਪਈਆਂ ਸਨ। ਊਸ਼ਾ ਨੂੰ ਉਦੋਂ ਵੱਡੀਆਂ-ਵੱਡੀਆਂ ਗੱਲਾਂ ਮਾਰਨ ਵਾਲੇ ਰਕੇਸ਼ ਤੇ

ਬਹੁਤ ਗੁੱਸਾ ਆਇਆ ਸੀ, ਪਰ ਭਾਅ ਜੀ ਦੇ ਮੰਨਣ ਤੋਂ ਬਾਅਦ ਉਹ ਸਾਰਾ ਕੁਝ ਭੁੱਲ ਗਈ ਸੀ।

ਵਿਆਹ ਤੋਂ ਬਾਅਦ ਤਾਂ ਉਸ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਸਾਰੀ ਦੁਨੀਆ ਦੇ ਲੋਕ ਆਪਸ ਵਿੱਚ ਪਿਆਰ ਦੀਆਂ ਤੰਦਾਂ ਨਾਲ ਜੁੜੇ ਹੋਏ ਹਨ, ਤੇ ਇਸ ਦੁਨੀਆ ਵਿੱਚ ਪਿਆਰ-ਮੁਹੱਬਤ ਨਾਲ ਕੁੱਝ ਵੀ ਅਸੰਭਵ ਨਹੀਂ। ਇਸੇ ਹੌਂਸਲੇ ਨਾਲ ਉਸ ਨੇ ਰਜਨੀ ਨੂੰ ਘਰ ਬੁਲਾਉਣ ਦੀ ਜ਼ਿੱਦ ਕੀਤੀ ਸੀ।

ਪਹਿਲਾਂ ਤਾਂ ਭਾਅ ਜੀ ਅਤੇ ਰਕੇਸ਼ ਨੇ ਮਨ੍ਹਾ ਕਰ ਦਿੱਤਾ ਸੀ। ਪਰ ਊਸ਼ਾ ਦੇ ਵਾਰ-ਵਾਰ ਕਹਿਣ ਤੇ ਉਸ ਨੂੰ ਰਜਨੀ ਨਾਲ ਫੋਨ ਤੇ ਗੱਲ ਕਰਨ ਦੀ ਇਜਾਜ਼ਤ ਮਿਲ ਗਈ ਸੀ।

ਰਜਨੀ ਨੂੰ ਤਾਂ ਜਿਵੇਂ ਇੱਕ ਆਵਾਜ਼ ਮਾਰਨ ਦੀ ਹੀ ਦੇਰ ਸੀ। ਫੋਨ ਸੁਣਦਿਆਂ ਹੀ ਦੌੜੀ ਆਈ ਸੀ—ਜਿਵੇਂ ਭਰਾਵਾਂ ਨੂੰ ਮਿਲਣ ਲਈ ਤਰਸੀ ਬੈਠੀ ਹੋਵੇ! ਦੋਹਾਂ ਭਰਾਵਾਂ ਦੀ ਉਹ ਇਕੱਲੀ ਭੈਣ ਸੀ। ਜਦੋਂ ਦਾ ਉਸ ਨੇ ਆਪਣੀ ਮਰਜ਼ੀ ਦੇ ਮੁੰਡੇ ਨਾਲ ਵਿਆਹ ਕਰਵਾਇਆ ਸੀ, ਉਦੋਂ ਤੋਂ ਭਰਾਵਾਂ ਨੇ ਉਸ ਨਾਲ ਰਿਸ਼ਤਾ ਤੋੜਿਆ ਹੋਇਆ ਸੀ।

ਊਸ਼ਾ ਦੀਆਂ ਕੋਸ਼ਿਸ਼ਾਂ ਕਰਕੇ ਆਪਣੇ ਵਿਆਹ ਤੋਂ ਬਾਅਦ ਉਸ ਨੇ ਪਹਿਲੀ ਵਾਰ ਪੇਕੇ ਘਰ ਪੈਰ ਪਾਇਆ ਸੀ। ਉਸ ਦਿਨ ਤੋਂ ਉਹ ਉਸ ਘਰ ਵਿੱਚ ਆਉਣ-ਜਾਣ ਲੱਗ ਪਈ ਸੀ। ਭਾਵੇਂ ਉਸ ਦੇ ਪਤੀ ਲਈ ਉਸ ਘਰ ਦਾ ਦਰਵਾਜ਼ਾ ਕਦੇ ਵੀ ਨਹੀਂ ਖੁਲ੍ਹਿਆ, ਪਰ ਰਜਨੀ ਨੂੰ ਆਪਣੇ ਬੱਚਿਆਂ ਸਮੇਤ ਪ੍ਰਵਾਨਗੀ ਮਿਲ ਗਈ ਸੀ।

ਊਸ਼ਾ ਨਾਲ ਉਸ ਦਾ ਕਾਫੀ ਲਗਾਉ ਹੋ ਗਿਆ ਸੀ। ਉਸ ਨਾਲ ਉਹ ਆਪਣਾ ਸਾਰਾ ਦੁੱਖ-ਸੁੱਖ ਸਾਂਝਾ ਕਰ ਲੈਂਦੀ ਸੀ। ਆਪਣੇ ਘਰ ਦੀ ਗ਼ਰੀਬੀ ਬਾਰੇ ਵੀ ਉਸ ਨੇ ਊਸ਼ਾ ਨੂੰ ਸਾਰਾ ਕੁਝ ਦੱਸਿਆ ਹੋਇਆ ਸੀ।

ਪਰ ਪਿਛਲੇ ਕੁਝ ਸਮੇਂ ਤੋਂ ਊਸ਼ਾਂ ਨੂੰ ਉਹ ਜ਼ਿਆਦਾ ਹੀ ਉਦਾਸ ਲੱਗਣ ਲੱਗ ਪਈ ਸੀ। ਉਸ ਦਾ ਚਿਹਰਾ ਪਹਿਲਾਂ ਨਾਲੋਂ ਕਾਫੀ ਮੁਰਝਾ ਗਿਆ ਸੀ। ਊਸ਼ਾ ਦੇ ਵਾਰ-ਵਾਰ ਪੁੱਛਣ ਤੇ ਉਸ ਨੇ "ਬੱਸ! ਐਵੇਂ ਤਬੀਅਤ ਜਿਹੀ ਖ਼ਰਬਿ ਰਹਿੰਦੀ ਐ!" ਕਹਿ ਕੇ ਟਾਲ ਦਿੱਤਾ ਸੀ। ਊਸ਼ਾ ਵੀ ਇਹ ਸੋਚ ਕੇ ਚੁੱਪ ਕਰ ਗਈ ਸੀ ਕਿ ਘਰ ਦੀ ਤੰਗੀ ਦਾ ਫਿਕਰ ਕਰਦੀ ਹੋਵੇਗੀ।

ਪਰ ਅਗਲੀ ਵਾਰ ਜਦੋਂ ਰਜਨੀ ਪੇਕੀਂ ਆਈ ਸੀ ਤਾਂ ਉਸ ਤੋਂ ਆਪਣੇ ਢਿੱਡ ਦਾ ਦੁੱਖ ਲੁਕਾਇਆ ਨਹੀਂ ਸੀ ਗਿਆ।

ਉਸ ਦੀ ਗੱਲ ਸੁਣ ਕੇ ਊਸ਼ਾ ਦੇ ਵੀ ਰੌਂਗਟੇ ਖੜ੍ਹੇ ਹੋ ਗਏ ਸਨ। ਉਸ ਨੇ ਰਜਨੀ ਨੂੰ ਸਮਝਾਇਆ ਵੀ ਕਿ ਉਹ ਠੀਕ ਨਹੀਂ ਸੀ ਕਰ ਰਹੀ।

ਰਜਨੀ ਫੁੱਟ-ਫੁੱਟ ਕੇ ਰੋਣ ਲੱਗ ਪਈ, "ਜੇ ਮੈਂ ਪਿੰਕੀ ਦੇ ਡੈਡੀ ਦੀ ਗੱਲ ਨਹੀਂ ਮੰਨਦੀ ਤਾਂ ਉਹ ਦਾਰੂ ਪੀ ਕੇ ਕੁੱਟਣ ਲੱਗ ਪੈਂਦੈ! ... ਘਰੇ ਰਾਸ਼ਨ ਲਿਆਉਣਾ ਬੰਦ

ਕਰ ਦਿੰਦੈ। ਭੁੱਖ ਨਲ ਵਿਲਕਦੇ ਬੱਚੇ ਮੇਰੇ ਤੋਂ ਤਾਂ ਦੇਖੇ ਨ੍ਹੀਂ ਜਾਂਦੇ... ਤੇ ਨਾ ਮੈਂ ਕਿਸੇ ਕੋਲ ਗੱਲ ਕਰਨੀ ਜੋਗੀ ਆਂ!...!"

"ਜੇ ਕਹੇਂ ਤਾਂ ਮੈਂ ਰਕੇਸ਼ ਨਾਲ ਗੱਲ ਕਰਕੇ ਦੇਖਾਂ? ..."

"ਨਾਂਹ," ਰਜਨੀ ਤ੍ਰਭਕੀ, "ਘਰ ਨਾ ਕਿਸੇ ਨੂੰ ਦੱਸੀਂ! ਜੇ ਭਾਅ ਜੀ ਨੂੰ ਪਤਾ ਲੱਗ ਗਿਆ ਤਾਂ... ! ... ਭੈਣ ਬਣ ਕੇ ਇਹ ਗੱਲ ਕਿਸੇ ਹੋਰ ਕੋਲ ਨਾ ਕਰੀਂ!"

... ਤੇ ਨਾ ਚਾਹੁੰਦਿਆਂ ਵੀ ਊਸ਼ਾ ਨੇ ਗੱਲ ਨੂੰ ਆਪਣੇ ਅੰਦਰ ਦੱਬ ਕੇ ਰੱਖ ਲਿਆ ਸੀ।

ਪਰ ਅਗਲੀ ਵਾਰ ਉਸ ਤੋਂ ਰਜਨੀ ਦਾ ਦੁੱਖ ਵੇਖਿਆ ਨਹੀਂ ਗਿਆ, ਤੇ ਉਸ ਨੇ ਰਕੇਸ਼ ਕੋਲ ਗੱਲ ਕਰ ਹੀ ਦਿੱਤੀ।

ਜਦੋਂ ਰਕੇਸ਼ ਨੂੰ ਪਤਾ ਲੱਗਿਆ ਕਿ ਰਜਨੀ ਦਾ ਪਤੀ ਉਸ ਨੂੰ ਗ਼ੈਰ-ਮਰਦਾਂ ਨਾਲ ਰਾਤਾਂ ਕੱਟਣ ਲਈ ਮਜਬੂਰ ਕਰਦਾ ਹੈ ਤਾਂ ਉਹ ਗੁੱਸੇ ਨਾਲ ਤੜਪ ਉੱਠਿਆ।

..."ਰਕੇਸ਼ ਨੇ ਹੀ ਭਾਅ ਜੀ ਨਾਲ ਗੱਲ ਕੀਤੀ ਹੋਣੀ ਐ!"

ਪਰ ਊਸ਼ਾ ਨੂੰ ਅੱਜ ਤੱਕ ਸਮਝ ਨਹੀਂ ਸੀ ਆਇਆ ਕਿ ਭਾਅ ਜੀ ਤੇ ਰਕੇਸ਼ ਨੇ ਕਤਲ ਨੂੰ ਦਿਲ ਦੇ ਦੌਰੇ 'ਚ ਕਿਵੇਂ ਬਦਲ ਦਿੱਤਾ ਸੀ। "ਪੁਲਿਸ ਨੂੰ ਰਿਸ਼ਵਤ ਦਿੱਤੀ ਹੋਣੀ ਐ... ਪਰ ਇਹ ਲੇਡੀ ਇੰਸਪੈਕਟਰ ਤਾਂ ਰਿਸ਼ਵਤਖ਼ੋਰ ਨ੍ਹੀਂ ਸੀ ਲੱਗਦੀ...," ਤੇ ਉਸ ਨੂੰ ਯਾਦ ਆਇਆ ਕਿ ਕਿਵੇਂ ਉਹ ਇੰਸਪੈਕਟਰ ਸ਼ੱਕ ਦੀ ਨਜ਼ਰ ਨਾਲ ਪੁੱਛ-ਗਿੱਛ ਕਰ ਰਹੀ ਸੀ।

ਲੇਡੀ ਇੰਸਪੈਕਟਰ ਨੂੰ ਪਤਾ ਨਹੀਂ ਕਿਵੇਂ ਸ਼ੱਕ ਹੋਇਆ ਸੀ ਕਿ ਊਸ਼ਾ ਨੇ ਉਸ ਤੋਂ ਕੁਝ ਗੱਲਾਂ ਲੁਕਾਈਆ ਸਨ। ਜਾਣ ਤੋਂ ਪਹਿਲਾਂ ਉਸ ਨੇ ਉਸ ਨੂੰ ਅੱਖਾਂ ਗੱਡ ਕੇ ਘੂਰਦਿਆਂ ਦੁਬਾਰਾ ਫਿਰ ਕਿਹਾ ਸੀ, "ਰਜਨੀ ਨਾਲ ਸੰਬੰਧਿਤ ਹੋਰ ਕੋਈ ਵੀ ਗੱਲ ਧਿਆਨ 'ਚ ਆਵੇ ਤਾਂ ਮੈਨੂੰ ਫੋਨ ਕਰਨਾ—ਬਿਨਾ ਕਿਸੇ ਦੇ ਡਰ ਤੋਂ!"

ਊਸ਼ਾ ਨੇ ਰਜਨੀ ਦੇ ਗਲੇ ਤੇ ਗਹਿਰਾ ਨਿਸ਼ਾਨ ਵੀ ਵੇਖਿਆ ਸੀ। "ਇਹ ਤਾਂ ਦੌਰਾ ਪੈਣ ਕਰਕੇ ਹੋ ਗਿਆ ਹੋਣੈ!" ਜਦੋਂ ਉਸ ਨੇ ਰਕੇਸ਼ ਕੋਲ ਮਨ 'ਚ ਚੱਲ ਰਿਹਾ ਸਵਾਲ ਰੱਖਿਆ ਸੀ ਤਾਂ ਉਸ ਨੇ ਜਵਾਬ ਦਿੱਤਾ ਸੀ," ... ਤੂੰ ਪੁਲਿਸ ਵਾਲਿਆਂ ਕੋਲ ਜ਼ਿਆਦਾ ਦਿਮਾਗ਼ ਨ੍ਹੀਂ ਮਾਰਨਾ! ...ਵੈਸੇ ਵੀ ਤੂੰ ਤਾਂ ਓਦੋਂ ਘਰ ਹੀ ਹੈ ਨਹੀਂ ਸੀ!"

ਊਸ਼ਾ ਓਸ ਦਿਨ ਰਕੇਸ਼ ਦੇ ਕਹਿਣ ਤੇ ਜਾਣ-ਬੁੱਝ ਕੇ ਮਾਂ-ਬਾਪ ਦੇ ਘਰ ਚਲੀ ਗਈ ਸੀ, ਤਾਂ ਜੋ ਭੈਣ-ਭਰਾ ਰਜਨੀ ਦੇ ਮਸਲੇ ਤੇ ਖੁੱਲ੍ਹ ਕੇ ਗੱਲ ਕਰ ਸਕਣ।

ਪਰ ਉਸ ਨੂੰ ਸੁਨੇਹਾ ਮਿਲਿਆ ਸੀ ਕਿ ਪਿੱਛੋਂ ਰਜਨੀ ਨੂੰ ਦੌਰਾ ਪੈਣ ਨਾਲ ਮੌਤ ਹੋ ਗਈ ਸੀ।

ਭਾਅ ਜੀ ਤੇ ਰਕੇਸ਼ ਨੇ ਉਸਨੂੰ ਰਜਨੀ ਦੀ ਚੱਲ ਰਹੀ ਸਮੱਸਿਆ ਬਾਰੇ ਵੀ ਕਿਸੇ ਕੋਲ ਭਾਫ਼ ਕੱਢਣ ਤੋਂ ਵੀ ਮਨ੍ਹਾ ਕਰ ਦਿੱਤਾ ਸੀ, "ਰਜਨੀ ਤਾਂ ਹੁਣ ਚਲੀ ਗਈ! ਰੌਲਾ ਪਾ ਕੇ ਆਪਣੀ ਬਦਨਾਮੀ ਕਰਵਾਉਣ ਦਾ ਕੀ ਫਾਇਦਾ!"

ਘਰ 'ਚ ਕਿਸੇ ਮੁਸੀਬਤ ਆ ਜਾਣ ਦੇ ਡਰੋਂ ਉਹ ਚੁੱਪ ਹੀ ਰਹੀ ਸੀ।

... ਤੇ ਹੁਣ ਉੱਡਦੀ-ਉੱਡਦੀ ਜੋ ਗੱਲ ਉਸ ਦੇ ਕੰਨੀਂ ਪਈ ਸੀ, ਉਸ ਨੇ ਉਸ ਦੀ ਬੇਚੈਨੀ ਨੂੰ ਬਰਦਾਸ਼ਤ ਤੋਂ ਬਾਹਰ ਕਰ ਦਿੱਤਾ ਸੀ। ਉਸ ਨੇ ਸੁਣਿਆ ਸੀ ਕਿ ਭਾਅ ਜੀ ਤੇ ਰਕੇਸ਼ ਨੇ ਮਿਲ ਕੇ ਰਜਨੀ ਨੂੰ ਗਲਾ ਘੁੱਟ ਕੇ ਮਾਰਿਆ ਸੀ।...

ਡਰ ਦੇ ਮਾਰੇ ਉਹ ਤ੍ਰਭਕ ਕੇ ਰਕੇਸ਼ ਤੋਂ ਪਰ੍ਹਾਂ ਹੋ ਗਈ।

ਉਸ ਨੇ ਬੈੱਡ ਦੇ ਛੇਜੇ 'ਤੇ ਪਿਆ ਆਪਣਾ ਮੋਬਾਇਲ ਚੁੱਕਿਆ ਤੇ 'ਕੰਟੈਕਟਸ' ਵਾਲੀ ਲਿਸਟ ਖੋਲ੍ਹੀ। ਲੇਡੀ ਇੰਸਪੈਕਟਰ ਦੇ ਨਾਮ ਤੇ ਇੱਕ ਨੰਬਰ ਸੇਵਡ ਸੀ। ਫਿਰ ਉਸ ਨੇ ਸਕਰੀਨ 'ਤੇ ਉੱਪਰਲੇ ਪਾਸੇ ਨਜ਼ਰ ਮਾਰੀ—ਸਾਢੇ ਪੰਜ ਵੱਜੇ ਸਨ। "ਇਸ ਟਾਇਮ ਤਾਂ ਫੋਨ ਕਰਨਾ ਠੀਕ ਨਹੀਂ!... ਥੋੜ੍ਹਾ ਚਾਨਣ ਹੋ—ਜੇ!" ਸੋਚਦਿਆਂ ਉਹ ਕਮਰੇ 'ਚੋਂ ਬਾਹਰ ਵੱਲ ਤੁਰ ਪਈ।

ਬਾਹਰ ਵਰਾਂਢੇ 'ਚ ਖੜ੍ਹਿਆਂ ਉਸ ਨੇ ਆਸਮਾਨ ਵੱਲ ਨਜ਼ਰ ਮਾਰੀ। ਉਸ ਨੂੰ ਮੱਧਮ ਹਨ੍ਹੇਰੇ 'ਚੋਂ ਚਾਨਣ ਦੀ ਲੋਅ ਫੁੱਟਦੀ ਨਜ਼ਰ ਆਈ।

# ਸਿਪਾਹੀ

ਜਿਉਂ ਹੀ 'ਸ਼ਾਨ-ਏ-ਪੰਜਾਬ' ਪਹੁੰਚੀ, ਪਲੇਟਫਾਰਮ 'ਤੇ ਹਫ਼ੜਾ-ਦਫ਼ੜੀ ਮੱਚ ਗਈ। ਲੋਕ ਰੇਲ ਡੱਬਿਆਂ ਵੱਲ ਉੱਲਰ ਪਏ।

ਮੈਂ ਵੀ, ਕਿਵੇਂ ਨਾ ਕਿਵੇਂ, ਧੱਕੇ ਦਿੰਦਾ, ਜ਼ੋਰ ਲਾਉਂਦਾ, ਅੰਦਰ ਵੜਨ ਵਿੱਚ ਸਫਲ ਹੋ ਗਿਆ।

ਪਰ, ਸੀਟ ਕੀ, ਖੜ੍ਹਨ ਨੂੰ ਥਾਂ ਮਿਲਣੀ ਔਖੀ ਹੋ ਗਈ!

ਇੱਕ ਮੋਟੇ ਆਦਮੀ ਕੋਲ ਭੋਰਾ ਕੁ ਥਾਂ ਵੇਖ ਕੇ ਜਿਉਂ ਹੀ ਮੈਂ ਉਸ ਸੀਟ ਵੱਲ ਵਧਿਆ, ਉਹ ਆਦਮੀ ਮੈਨੂੰ ਪੁੱਠਾ ਪੈ ਗਿਆ।

ਮੈਂ ਕੁਝ ਨਾ ਬੋਲਿਆ। ਇੰਨੀ ਗਰਮੀ ਤੇ ਭੀੜ ਵਿੱਚ ਲੜਨ ਦਾ ਵੀ ਕੋਈ ਮਨ ਨਹੀਂ ਸੀ।

ਤਦੇ ਹੀ ਇੱਕ ਹਲਕੀ ਜਿਹੀ ਆਵਾਜ਼ ਮੇਰੇ ਕੰਨਾਂ ਵਿੱਚ ਪਈ "ਉੱਪਰ ਆ ਜਾਓ, ਭਾਅ ਜੀ!"

ਮੈਂ ਉੱਪਰ ਵੱਲ ਵੇਖਿਆ। ਸਮਾਨ ਰੱਖਣ ਵਾਲੀ ਥਾਂ ਤੇ ਇੱਕ ਬਾਈ-ਤੇਈ ਵਰ੍ਹਿਆਂ ਦਾ ਮੁੰਡਾ ਆਪਣੇ ਵੱਡੇ-ਵੱਡੇ ਬੈਗਾਂ ਕੋਲ ਬੈਠਾ ਸੀ।

ਉਸਨੇ ਸਾਮਾਨ ਨੂੰ ਇਧਰ-ਉਧਰ ਕਰਕੇ ਥੋੜ੍ਹੀ ਜਿਹੀ ਜਗ੍ਹਾ ਬਣਾਈ, ਤੇ ਆਪਣੀ ਬਾਂਹ ਦਾ ਸਹਾਰਾ ਦੇ ਕੇ ਮੈਨੂੰ ਉੱਪਰ ਚੜ੍ਹਾ ਲਿਆ।

ਮੈਂ ਉਸਦੇ ਚੰਗੇ ਸੁਭਾਅ ਬਾਰੇ ਹਾਲੀਂ ਸੋਚ ਹੀ ਰਿਹਾ ਸੀ ਕਿ ਉਸ ਦੇ ਪ੍ਰਸ਼ਨ ਨੇ ਮੈਨੂੰ ਹਲੂਣਿਆ, "ਕਿੱਥੇ ਜਾਣ ਡਹੇ ਜੇ ?"

"ਮੈਂ........?" ਮੈਨੂੰ ਜਵਾਬ ਥੋੜ੍ਹੀ ਦੇਰ ਨਾਲ ਸੁੱਝਿਆ, "ਲੁਧਿਆਣੇ।"

"ਰਹਿੰਦੇ ਕਿੱਥੇ ਜੇ-ਲੁਧਿਆਣੇ ਕਿ ਅੰਮ੍ਰਿਤਸਰ ?"

ਮੈਨੂੰ ਲੱਗਿਆ, ਉਹ ਮੇਰੇ ਨਾਲ ਕਾਫੀ ਗੱਲਾਂ ਕਰਨਾ ਚਾਹੁੰਦਾ ਸੀ। ਮੈਂ ਆਪਣੇ ਆਪ ਨੂੰ ਗੱਲਾਂ ਲਈ ਤਿਆਰ ਕਰਦੇ ਹੋਏ ਉਹਦਾ ਉੱਤਰ ਦਿੱਤਾ, "ਰਹਿੰਦਾ ਤਾਂ ਮੈਂ ਲੁਧਿਆਣੇ ਆਂ, ਪਰ ਇੱਥੇ ਖਾਲਸਾ ਕਾਲਜ 'ਚ ਪੜ੍ਹਦਾ ਵਾਂ। ਹੁਣ ਛੁੱਟੀਆਂ ਕਰਕੇ ਘਰ ਚੱਲਾ ਵਾਂ।"

"ਕਾਲਜ 'ਚ ਤਾਂ, ਫੇਰ, ਤੁਸੀਂ ਹੋਸਟਲ 'ਚ ਰਹਿੰਦੇ ਹੋਵੋਗੇ ?"

"ਹਾਂ।"

"ਤੁਹਾਡਾ ਇੱਥੇ ਦਿਲ ਲੱਗਾ ਕਿ ਨਹੀਂ ?"

ਇਸ ਸਵਾਲ ਨਾਲ ਉਸਨੇ ਮੇਰੀ ਦੁਖਦੀ ਰਗ ਤੇ ਹੱਥ ਧਰ ਦਿੱਤਾ ਸੀ। ਮੈਂ ਜਜ਼ਬਾਤੀ ਹੋ ਗਿਆ, "ਕਿੱਥੋਂ ਯਾਰ! ਘਰ ਤੋਂ ਦੂਰ ਕਿੱਥੇ ਲੱਗਦਾ ਆ ਦਿਲ!"

"ਸਹੀ ਗੱਲ ਆ!"

ਮੇਰੀ ਦਿਲਚਸਪੀ ਗੱਲਾਂ ਵਿੱਚ ਹੋਰ ਵਧ ਗਈ। ਮੈਂ ਆਪਣੇ ਹੋਸਟਲ ਵਿੱਚ ਮਨ ਨਾ ਲੱਗਣ ਅਤੇ ਘਰਦਿਆਂ ਵੱਲੋਂ ਉਥੇ ਰਹਿਣ ਲਈ ਮਜਬੂਰ ਕਰਨ ਬਾਰੇ ਕਈ ਗੱਲਾਂ ਕੀਤੀਆਂ।

ਪਰ ਛੇਤੀ ਹੀ ਮੈਨੂੰ ਲੱਗਿਆ ਕਿ ਮੈਂ ਫਜ਼ੂਲ ਹੀ ਜਜ਼ਬਾਤੀ ਹੋਈ ਜਾ ਰਿਹਾ ਸੀ। ਮੈਂ ਅੱਗੋਂ ਹੋਰ ਗੱਲ ਨਾ ਕੀਤੀ।

ਗੱਲਾਂ ਵਿੱਚ ਪਤਾ ਹੀ ਨਹੀਂ ਸੀ ਲੱਗਿਆ ਕਿ ਗੱਡੀ ਕਦੋਂ ਕੁ ਦੀ ਸਟੇਸ਼ਨ ਤੋਂ ਚੱਲੀ ਹੋਈ ਸੀ।

ਆਲੇ-ਦੁਆਲੇ ਭਾਵੇਂ ਭੀੜ ਦਾ ਸ਼ੋਰ-ਸ਼ਰਾਬਾ ਸੀ, ਪਰ ਸਾਡੇ ਦੋਹਾਂ ਵਿਚਕਾਰ ਚੁੱਪ ਪਸਰੀ ਹੋਈ ਸੀ।

ਇਸ ਚੁੱਪ ਨੇ ਮੈਨੂੰ ਬੇਚੈਨ ਕਰ ਦਿੱਤਾ। ਮੈਂ ਗੱਲ ਮੁੜ ਸ਼ੁਰੂ ਕਰਨ ਦਾ ਬਹਾਨਾ ਲੱਭਿਆ, "ਭਾਅ ਜੀ, ਤੁਸੀਂ ਕੀ ਕੰਮ ਕਰਦੇ ਓ ?"

"ਮੈਂ ਫ਼ੌਜ ਵਿੱਚ ਆਂ," ਕਹਿੰਦਿਆਂ ਉਸਦੀ ਛਾਤੀ ਤਾਂ ਕੁਝ ਚੌੜੀ ਹੋ ਗਈ ਸੀ, ਪਰ ਉਸਦੇ ਚਿਹਰੇ ਤੇ ਕੋਈ ਖ਼ੁਸ਼ੀ ਨਹੀਂ ਸੀ ਦਿਸੀ।

ਇੱਕ ਪਲ ਲਈ ਮੈਨੂੰ ਹੈਰਾਨੀ ਹੋਈ ਕਿ ਮੈਂ ਇੱਕ ਫ਼ੌਜੀ ਕੋਲ ਬੈਠਾ ਸੀ। ਮੈਂ ਪਹਿਲਾਂ ਵੀ ਫ਼ੌਜੀ ਵੇਖੇ ਸਨ-ਗੱਡੀਆਂ ਦੇ ਕਾਫਲਿਆਂ 'ਚ ਲੰਘਦੇ, ਮਾਲ ਗੱਡੀਆਂ 'ਚ ਲੱਦੇ ਟੈਂਕਾਂ ਤੇ ਬੈਠੇ ਹੋਏ ਜਾਂ ਫਿਰ ਗਣਤੰਤਰ ਤੇ ਸਵਤੰਤਰਤਾ ਦਿਵਸਾਂ ਨੂੰ ਟੈਲੀਵਿਜ਼ਨ ਵਿੱਚ ਪਰੇਡਾਂ ਕਰਦੇ ਹੋਏ।

ਮੇਰਾ ਬਚਪਨ ਤੋਂ ਵਿਸ਼ਵਾਸ ਬਣ ਗਿਆ ਸੀ ਕਿ ਸਾਰੇ ਫ਼ੌਜੀ ਇੱਕੋ ਜਿਹੇ ਹੀ ਹੁੰਦੇ ਹਨ। ਇਸੇ ਤਰ੍ਹਾਂ ਬੰਦੂਕਾਂ ਚੁੱਕੀ ਤੇ ਗਰਦਨ ਅਕੜਾਈਂ ਲੰਘ ਜਾਇਆ ਕਰਦੇ ਹਨ।

ਕਿਸੇ ਫ਼ੌਜੀ ਨੂੰ ਇਸ ਤਰ੍ਹਾਂ ਜ਼ਾਤੀ ਤੌਰ ਤੇ ਮਿਲਣ ਦਾ ਮੇਰੇ ਲਈ ਇਹ ਪਹਿਲਾ ਮੌਕਾ ਸੀ।

"ਫ਼ੌਜ ਦੀ ਨੌਕਰੀ ਤਾਂ ਬੜੀ ਸ਼ਾਹੀ ਨੌਕਰੀ ਐ!"

ਫੌਜੀਆਂ ਨੂੰ ਮਿਲਦੀਆਂ ਸਰਕਾਰੀ ਸਹੂਲਤਾਂ ਬਾਰੇ ਮੈਂ ਕਾਫੀ ਕੁਝ ਸੁਣ ਰੱਖਿਆ ਸੀ। ਉਸੇ ਆਧਾਰ ਤੇ ਮੈਂ ਆਪਣਾ ਵਿਚਾਰ ਪੇਸ਼ ਕੀਤਾ ਸੀ।

"ਸ਼ਾਹੀ ਨੌਕਰੀ ਕਿੱਥੋਂ! ਥੋੜ੍ਹੇ ਦਿਨ ਪਹਿਲਾਂ ਛੁੱਟੀ ਤੇ ਆਇਆਂ ਸਾਂ, ਤੇ ਹੁਣ ਐਮਰਜੈਂਸੀ ਬੁਲਾ ਲਿਆ ਵਾ!"

ਉਹ ਉਦਾਸ ਹੋ ਗਿਆ।

ਉਸ ਦੀ ਗੱਲ ਸੁਣ ਕੇ ਮੈਨੂੰ ਉਹਨਾਂ ਦਿਨਾਂ ਵਿੱਚ ਚੱਲ ਰਹੀ ਕਾਰਗਿਲ ਦੀ ਲੜਾਈ ਯਾਦ ਆ ਗਈ। ਸ਼ਾਇਦ ਲੜਾਈ ਕਰਕੇ ਹੀ ਉਸਨੂੰ ਵੀ ਵਾਪਿਸ ਬੁਲਾ ਲਿਆ ਗਿਆ ਸੀ।

ਮੈਨੂੰ ਆਪਣੇ ਪ੍ਰਸ਼ਨ ਤੇ ਪਛਤਾਵਾ ਹੋਇਆ।

ਪਰ ਆਪਣੇ ਬਾਰੇ ਦੱਸਣ ਲਈ ਜਿਵੇਂ ਉਹ ਪਹਿਲਾਂ ਹੀ ਮੌਕਾ ਭਾਲ ਰਿਹਾ ਸੀ। ਮੇਰੇ ਪ੍ਰਸ਼ਨ ਤੋਂ ਬਾਅਦ ਉਹ ਪਸ਼ਮ ਦੇ ਗੋਲੇ ਵਾਂਗ ਉੱਧੜਨਾ ਸ਼ੁਰੂ ਹੋ ਗਿਆ।

ਉਹਨੇ ਦੱਸਿਆ ਕਿ ਫ਼ੌਜ ਵਿੱਚ ਨੌਕਰੀ ਮਿਲਣ ਤੇ ਉਹ ਕਿੰਨਾ ਖ਼ੁਸ਼ ਹੋਇਆ ਸੀ। ਉਹਦੇ ਮਾਂ-ਬਾਪ ਵੀ ਕਿੰਨੇ ਹੀ ਖ਼ੁਸ਼ ਸਨ। ਪਰ ਹੁਣ ਉਸਦੇ ਵਾਪਿਸ ਜਾਣ ਤੇ ਸਾਰੇ ਰੋ ਰਹੇ ਸਨ।

ਉਸਨੇ ਆਪਣੇ ਬਾਰੇ ਹੋਰ ਵੀ ਕਾਫੀ ਕੁਝ ਦੱਸਿਆ।

ਪਰ ਉਸਦੀਆਂ ਗੱਲਾਂ ਵਿੱਚ ਮੇਰੀ ਦਿਲਚਸਪੀ ਘਟਦੀ ਜਾ ਰਹੀ ਸੀ ਤੇ ਮੈਂ "ਹੂੰ-ਹਾਂ" ਕਰਕੇ ਉਸਨੂੰ ਟਾਲ ਰਿਹਾ ਸੀ।

ਮੈਨੂੰ ਇੱਕ ਗੱਲ ਉਸ ਬਾਰੇ ਸਮਝ ਨਹੀਂ ਸੀ ਆ ਰਹੀ—ਹੁਣ ਉਸਨੂੰ ਫ਼ੌਜ ਵਿੱਚ ਵਾਪਿਸ ਜਾਣ ਦੀ ਕੀ ਲੋੜ ਸੀ। ਵੱਧ ਤੋਂ ਵੱਧ, ਉਸਦੀ ਨੌਕਰੀ ਛੁੱਟ ਜਾਣੀ ਸੀ। ਪਰ ਜੰਗ ਵਿੱਚ ਜਾਨ ਗਵਾਉਣ ਨਾਲੋਂ ਤਾਂ ਨੌਕਰੀ ਛੱਡ ਦੇਣਾ ਚੰਗਾ ਸੀ। ਕਿਸੇ ਫ਼ੌਜੀ ਦੇ ਭਗੌੜੇਪਨ ਬਾਰੇ ਮੈਨੂੰ ਉਹਨਾਂ ਦਿਨਾਂ ਵਿੱਚ ਬਹੁਤਾ ਪਤਾ ਨਹੀਂ ਸੀ ਹੁੰਦਾ।

ਇਸੇ ਤਰ੍ਹਾਂ ਸੋਚਦਿਆਂ-ਕਰਦਿਆਂ ਜਲੰਧਰ ਦਾ ਸਟੇਸ਼ਨ ਆ ਗਿਆ। ਪਲੇਟਫਾਰਮ ਤੋਂ ਉਹ ਦੋ ਕੱਪ ਚਾਹ ਲੈ ਆਇਆ।

ਉਸਦੀ ਅਪਣੱਤ ਵੇਖ ਕੇ ਮੈਨੂੰ ਲੱਗਿਆ ਕਿ ਮੈਨੂੰ ਉਸਦੀਆਂ ਗੱਲਾਂ ਧਿਆਨ ਨਾਲ ਸੁਣਨੀਆਂ ਚਾਹੀਦੀਆਂ ਸਨ।

ਗੱਡੀ ਚਲਦਿਆਂ ਹੀ ਮੈਂ ਪਹਿਲ ਕੀਤੀ, "ਭਾਅ ਜੀ, ਤੁਹਾਡਾ ਵਿਆਹ ਹੋ ਗਿਐ ?"

ਵਿਆਹ ਦੀ ਗੱਲ ਸੁਣ ਕੇ ਉਹਦੇ ਚਿਹਰੇ ਤੇ ਸ਼ਰਮੀਲੀ ਮੁਸਕ੍ਰਾਹਟ ਫੈਲ ਗਈ।

ਉਸਨੇ ਡੂੰਘੀਆਂ ਸੋਚਾਂ ਵਿੱਚ ਉਤਰਦਿਆਂ ਜਵਾਬ ਦਿੱਤਾ, "ਨਹੀਂ।......... ਉਂਝ, ਲਾਗਲੇ ਪਿੰਡ ਵਿੱਚ ਹੀ ਹੈ ਇੱਕ! ਵਾਹ-ਵਾ ਪਿਆਰ ਕਰਦੀ ਐ ਮੈਨੂੰ! ਸੋਹਣੀ ਵੀ ਵਾਹ-ਵਾ ਆ! ਮੈਂ ਵੀ ਉਹਨੂੰ ਵਾਹ-ਵਾ ਪਿਆਰ ਕਰਦਾ ਵਾਂ!".........

ਆਪਣੇ ਸੱਚੇ ਪਿਆਰ ਦੇ ਸਬੂਤ ਦੇ ਤੌਰ ਤੇ ਉਸਨੇ ਇਹ ਵੀ ਦੱਸਿਆ ਕਿ ਉਹ ਦੋਵੇਂ ਕਈ ਵਾਰ ਮਿਲੇ ਹਨ, ਪਰ ਕਦੇ ਵੀ ਉਸਨੇ ਉਸ ਨਾਲ ਕੁਝ 'ਗ਼ਲਤ' ਨਹੀਂ ਕੀਤਾ।... ਤੇ ਉਸਨੇ ਕਿੰਨੇ ਹੀ ਉਸ ਨਾਲ ਮੁਲਾਕਾਤਾਂ ਦੇ ਕਿੱਸੇ ਸੁਣਾਏ।

ਉਸਦੀਆਂ ਇਹ ਜਜ਼ਬਾਤੀ ਗੱਲਾਂ ਕਿਸੇ ਫਿਲਮੀ ਕਹਾਣੀ ਵਾਂਗ ਲੱਗਦੀਆਂ ਸਨ। ਸਾਰੇ ਰਸਤੇ ਉਹ ਇਸੇ ਤਰ੍ਹਾਂ ਦੀਆਂ ਗੱਲਾਂ ਕਰਦਾ ਰਿਹਾ। ਕਦੇ ਪਿਛਲੀਆਂ ਗੱਲਾਂ ਕਰਕੇ ਉਦਾਸ ਹੋ ਜਾਂਦਾ, ਤੇ ਕਦੇ ਮਿੱਠੀਆਂ ਯਾਦਾਂ ਫਰੋਲ ਕੇ ਖ਼ੁਸ਼ ਹੋ ਜਾਂਦਾ।

ਪਰ ਮੇਰੇ ਮਨ ਵਿੱਚ ਉਹੋ ਸਵਾਲ ਘੁੰਮੀ ਜਾ ਰਿਹਾ ਸੀ ਕਿ ਆਖਿਰ ਉਹ ਵਾਪਿਸ ਕਿਉਂ ਜਾ ਰਿਹਾ ਸੀ। ਕਿਉਂ ਉਹ ਫਜ਼ੂਲ ਹੀ ਆਪਣੀ ਜਾਨ ਗਵਾਉਣੀ ਚਾਹੁੰਦਾ ਸੀ ?...... ਉਸਨੂੰ ਕੀ ਲੋੜ ਸੀ, ਦਿੱਲੀ ਵਿੱਚ ਆਰਾਮ ਨਾਲ ਬੈਠੇ ਲੋਕਾਂ ਦੇ

ਕਹਿਣ ਤੇ ਆਪਣੀ ਖ਼ੂਬਸੂਰਤ ਦੁਨੀਆ ਦਾਅ ਤੇ ਲਾ ਦੇਣ ਦੀ ?

ਰਸਤੇ ਵਿੱਚ ਕਈ ਵਾਰ ਉਸ ਤੋਂ ਇਹ ਸਵਾਲ ਪੁੱਛਣ ਦੀ ਕੋਸ਼ਿਸ਼ ਕੀਤੀ, ਪਰ ਪੁੱਛ ਨਾ ਸਕਿਆ।

ਲੁਧਿਆਣਾ ਨੇੜੇ ਆਉਂਦਿਆਂ ਹੀ ਮੇਰੀ ਬੇਚੈਨੀ ਵਧ ਗਈ। ਮੈਂ ਸੋਚ ਰਿਹਾ ਸੀ ਕਿ ਉਸ ਤੋਂ ਇਹ ਸਵਾਲ ਪੁੱਛਾਂ ਜਾਂ ਨਾ।

ਮੈਂ ਆਪਣੀ ਇਸ ਕਸ਼ਮਾਕਸ਼ ਵਿੱਚ ਫਸਿਆ ਹੋਇਆ ਸੀ, ਤੇ ਉਹ ਆਪਣੀਆਂ ਗੱਲਾਂ ਕਰੀ ਜਾ ਰਿਹਾ ਸੀ। ਡੂੰਘਾ ਸਾਹ ਲੈਂਦਿਆਂ ਉਹ ਬੋਲਿਆ, "... ਬੱਸ, ਭਾਅ ਜੀ! ਹੁਣ ਤਾਂ ਦਿਲ ਵਿੱਚ ਇੱਕੋ ਇੱਛਾ ਉਬਾਲੇ ਖਾਣ ਡਹੀ ਜੇ-ਜਾਂ ਤਾਂ ਦੁਸ਼ਮਣ ਦੇ ਦੰਦ ਖੱਟੇ ਕਰ ਛੱਡਣੇ, ਜਾਂ ਫਿਰ ਸ਼ਹੀਦ ਹੋ ਜਾਣਾ ਆ!......" ਇਸ ਵਾਰ ਉਸਦੇ ਗੱਲ ਕਹਿਣ ਦੇ ਢੰਗ ਵਿੱਚ ਅਨੋਖੀ ਮਜ਼ਬੂਤੀ ਸੀ।

ਉਸਦੇ ਚਿਹਰੇ ਦੇ ਸਖਤ ਰੌਂਅ ਨੂੰ ਵੇਖ ਕੇ ਮੈਨੂੰ ਡਰ ਲੱਗਿਆ। ਮੈਨੂੰ ਲੱਗਿਆ ਕਿ ਉਸਨੇ ਮੇਰੇ ਅੰਦਰਲੇ ਸਵਾਲ ਨੂੰ ਬੁੱਝ ਲਿਆ ਸੀ, ਤੇ ਉਹ ਕਹਿ ਰਿਹਾ ਸੀ, "ਆਪਣੇ ਦੇਸ਼ ਦੇ ਸਿਪਾਹੀ ਲਈ ਇੰਨੀ ਘਟੀਆ ਸੋਚ!"

ਮੈਂ ਉਸ ਤੋਂ ਝੇਪਦਿਆਂ-ਝੇਪਦਿਆਂ ਵਿਦਾ ਲਈ ਤੇ ਆਤਮ-ਗਿਲਾਨੀ ਨੂੰ ਲੁਕਾਉਣ ਦਾ ਯਤਨ ਕਰਦਿਆਂ ਪਲੇਟਫਾਰਮ ਤੇ ਉੱਤਰ ਗਿਆ।

# ਗਵਾਚਿਆ ਡੱਡੂ

"ਉਏ, ਲਿਆ ਉਏ, ਬਚ੍ਹੀ, ਦੋ ਇੱਟਾਂ ਫੜਾ ਜ਼ਰਾ!" ਮਿਸਤਰੀ ਨੇ ਕੰਮ ਮੁਕਾਉਣ ਦੇ ਰੌਂਅ 'ਚ ਬਾਰਾਂ ਕੁ ਸਾਲਾਂ ਦੇ ਮੁੰਡੇ ਨੂੰ ਅਵਾਜ਼ ਮਾਰੀ। ਪਰ ਆਪਣੇ ਆਲੇ-ਦੁਆਲੇ ਤੋਂ ਅਣਜਾਣ ਬਚ੍ਹੀ 'ਮਸਾਲਾ' ਬਣਾਉਣ ਲਈ ਇਕੱਠੇ ਕੀਤੇ ਪਾਣੀ ਵਿੱਚ ਡੱਡੂ ਫੜਨ 'ਚ ਮਸਤ ਸੀ।

"ਉਏ, ਕਮਲਿਆ, ਤੈਨੂੰ ਸੁਣਦਾ ਨੀ!" ਮਿਸਤਰੀ ਨੇ ਗੁੱਸੇ ਨਾਲ ਦੂਜੀ ਆਵਾਜ਼ ਮਾਰੀ ਤਾਂ ਬਚ੍ਹੀ ਦਾ ਧਿਆਨ ਉਸ ਵੱਲ ਹੋਇਆ। "ਕੀ ਐ ?" ਬਚ੍ਹੀ ਵੀ ਖਿਝ ਕੇ ਬੋਲਿਆ।

"ਲੱਗਦਾ ਕੀ ਦਾ!.......... ਤੈਨੂੰ ਕਿਹੈ, ਦੋ ਇੱਟਾਂ ਫੜਾ ਦੇ, ਕੰਮ ਮੁੱਕਦਾ ਹੋਵੇ!" ਕੰਧ ਪੂਰੀ ਹੋਣ ਵਿੱਚ ਇੱਟਾਂ ਦੇ ਦੋ ਟੋਟੇ ਥੁੜਦੇ ਸਨ, ਤੇ ਸਿਰਫ਼ ਦੋ ਇੱਟਾਂ ਲਈ ਉਹ ਕਿਸੇ ਮਜ਼ਦੂਰ ਦਾ ਕੰਮ ਨਹੀਂ ਸੀ ਛੁਡਾਉਣਾ ਚਾਹੁੰਦਾ।

ਬਚੀ ਅਣਮੰਨੇ ਮਨ ਨਾਲ 'ਛੱਪੜੀ' 'ਚੋਂ ਬਾਹਰ ਨਿਕਲਿਆ। ਇੱਕ ਪਾਸੇ ਚਿਣ ਕੇ ਲਾਏ ਇੱਟਾਂ ਦੇ ਢੇਰ ਵਿੱਚੋਂ ਦੋ ਇੱਟਾਂ ਚੁੱਕ ਕੇ ਉਸਨੇ ਮਿਸਤਰੀ ਨੂੰ ਫੜਾ ਦਿੱਤੀਆਂ।

ਕੰਮ ਪੂਰਾ ਹੁੰਦਿਆਂ ਹੀ ਮਿਸਤਰੀ ਨੇ ਗੀਝ ਨਾਲ ਕੰਧ ਵੱਲ ਵੇਖਿਆ, ਤੇ ਉਸਦੇ ਚਿਹਰੇ ਤੇ ਤਸੱਲੀ ਭਰੀ ਮੁਸਕਰਾਹਟ ਫੈਲ ਗਈ।

ਬਚ੍ਹੀ ਫਿਰ ਛੱਪੜੀ 'ਚ ਜਾ ਵੜਿਆ। ਪਾਣੀ ਵਿੱਚ ਜਿੱਥੇ ਵੀ ਉਹਨੂੰ ਡੱਡੂ ਨਜ਼ਰੀਂ ਪੈਂਦਾ, ਉਹ ਉੱਥੇ ਹੀ ਹੱਥ ਮਾਰਦਾ। ਪਰ ਡੱਡੂ ਟਪੂਸੀ ਮਾਰ ਜਾਂਦਾ, ਜਾਂ ਪਾਣੀ ਹੇਠਾਂ ਕਿਧਰੇ ਗਵਾਚ ਜਾਂਦਾ। ਭਾਵੇਂ ਹੁਣ ਤੱਕ ਇੱਕ-ਦੋ ਵਾਰ ਡੱਡੂ ਬਚ੍ਹੀ ਦੇ ਹੱਥ ਆ ਵੀ ਗਿਆ ਸੀ, ਪਰ ਉਹਨੇ ਉਸਨੂੰ ਪਾਣੀ ਵਿੱਚ ਸੁੱਟ ਕੇ ਮੁੜ ਲੱਭਣਾ ਸ਼ੁਰੂ ਕਰ ਦਿੱਤਾ। ਇਸੇ ਵਿੱਚ ਹੀ ਉਹਨੂੰ ਮਜ਼ਾ ਆ ਰਿਹਾ ਸੀ। ਪਰ, ਕਦੇ ਮਿਸਤਰੀ, ਤੇ ਕਦੇ ਮਜ਼ਦੂਰ, ਕੋਈ ਨਾ ਕੋਈ ਕੰਮ ਕਹਿ ਕੇ ਉਹਦਾ ਮਜ਼ਾ ਕਿਰਕਿਰਾ ਕਰ ਰਹੇ ਸਨ।

ਦੁਪਹਿਰ ਨੂੰ ਮਿਸਤਰੀ ਅਤੇ ਮਜ਼ਦੂਰ ਰੋਟੀ ਖਾਣ ਬੈਠ ਗਏ। ਬਚ੍ਹੀ ਹਾਲੀਂ ਵੀ ਡੱਡੂ ਫੜਨ 'ਚ ਵਿਅਸਤ ਸੀ। ਜਦੋਂ ਮਿਸਤਰੀ ਨੇ ਵੇਖਿਆ, ਤਾਂ ਉਸਨੇ ਨਾਲ ਬੈਠੇ ਮਜ਼ਦੂਰ ਨੂੰ ਕਿਹਾ, "ਇਹਨੂੰ ਮਾਰੀਂ 'ਵਾਜ਼, ਪਾਗਲ ਜਿਹੇ ਨੂੰ!.......... ਨਾ ਰੋਟੀ ਦਾ ਧਿਆਨ, ਨਾ ਕਾਸੇ ਹੋਰ ਦਾ!"

ਮਜ਼ਦੂਰ ਆਵਾਜ਼ ਮਾਰਨ ਦੀ ਥਾਂ ਆਪ ਉੱਠ ਕੇ ਬਚ੍ਹੀ ਨੂੰ ਬਾਹੋਂ ਫੜ ਲਿਆਇਆ।

ਬਚ੍ਹੀ ਨੂੰ ਤੇਜ਼-ਤੇਜ਼ ਰੋਟੀ ਖਾਂਦਿਆਂ ਵੇਖ ਕੇ ਮਿਸਤਰੀ ਨੇ ਕਿਹਾ, "ਮਗਰ ਪਿਐ ਕੋਈ! ਰੋਟੀ ਤਾਂ 'ਰਾਮ ਨਾਲ ਖਾ ਲੈ!"

ਫਟਾ-ਫਟ ਰੋਟੀ ਮੁਕਾ ਕੇ ਬਚ੍ਹੀ ਫਿਰ ਛੱਪੜੀ 'ਚ ਜਾ ਵੜਿਆ।

ਦੁਪਹਿਰ ਢਲਦਿਆਂ ਇੱਕ ਕਾਰ ਪਲਾਟ ਦੇ ਵਿਚਕਾਰ ਆ ਕੇ ਰੁਕੀ। ਬਾਬੂਮਈ ਕੱਪੜਿਆਂ 'ਚ ਬਣ ਰਹੇ ਮਕਾਨ ਦਾ ਮਾਲਕ ਤੇ ਰੰਗ-ਬਿਰੰਗੇ ਕੱਪੜੇ ਪਹਿਨੀਂ ਉਸਦਾ ਅੱਠ ਸਾਲਾਂ ਦਾ ਮੁੰਡਾ ਅੰਦਰੋਂ ਨਿੱਕਲੇ।

ਥੋੜ੍ਹੀ ਦੇਰ ਲਈ ਮਾਲਕ ਉਥੇ ਹੀ ਖੜ੍ਹਾ ਲੱਕ ਤੇ ਹੱਥ ਰੱਖੀਂ ਚੱਲ ਰਹੇ ਕੰਮ ਤੇ ਨਜ਼ਰ ਮਾਰਦਾ ਰਿਹਾ। ਮਾਲਕ ਨੂੰ ਵੇਖ ਕੇ ਮਿਸਤਰੀ ਅਤੇ ਮਜ਼ਦੂਰ ਹੋਰ ਫੁਰਤੀ ਨਾਲ ਕੰਮ ਕਰਨ ਲੱਗ ਪਏ। ਸਿਰਫ਼ ਬਚ੍ਹੀ ਹੀ, ਬੇਧਿਆਨਾ, ਡੱਡੂ ਫੜਨ ਵਿੱਚ ਮਸਤ ਸੀ।

"ਉਏ, ਤੂੰ ਐਥੇ ਕੀ ਕਰਦੈਂ ?" ਮਾਲਕ ਨੇ ਬਚ੍ਹੀ ਤੋਂ ਪੁੱਛਿਆ।

ਮਾਲਕ ਦੀ ਆਮਦ ਦਾ ਅਹਿਸਾਸ ਹੁੰਦਿਆਂ ਹੀ ਬਚ੍ਹੀ ਨੇ ਉਹਨੂੰ 'ਸਤਿ ਸ੍ਰੀ ਅਕਾਲ' ਬੁਲਾਈ। ਪਰ ਧਿਆਨ ਉਸਦਾ ਡੱਡੂ ਵਿੱਚ ਹੀ ਰਿਹਾ।

"ਉਏ, ਤੂੰ ਕੰਮ ਕਰ ਲੈ ਕੋਈ।.......... ਐਥੇ ਸ਼ਰਾਰਤਾਂ ਕਰੀ ਜਾਨੈ!" ਮਾਲਕ ਨੇ ਬਚ੍ਹੀ ਵੱਲ ਪੈਰ ਪੁਟਦਿਆਂ ਕਿਹਾ।

"ਸਾਰੇ ਕੰਮ ਮੁਕਾ 'ਤੇ, ਜੀ!" ਬਚ੍ਹੀ ਨੇ ਬੇਧਿਆਨੀ ਨਾਲ ਕਿਹਾ।

"ਇੱਟਾਂ ਨੂੰ ਪਾਣੀ ਲਾ ਤਾ?"

"ਹਾਂ, ਜੀ।"

"ਫੇਰ, ਮਿਸਤਰੀ ਹੁਰਾਂ ਨੂੰ ਪਾਣੀ-ਪੂਣੀ ਪਲਾ ਦੇ।"

"ਉਹ ਤਾਂ, ਜੀ, ਜਦੋਂ ਉਹਨਾਂ ਨੂੰ ਪਿਆਸ ਲੱਗਦੀ ਐ, ਮੈਂ ਪਿਲਾ ਦਿੰਨਾਂ।" ਬਚ੍ਹੀ ਦਾ ਧਿਆਨ ਹਾਲੀਂ ਵੀ ਡੱਡੂ ਵੱਲ ਹੀ ਸੀ।

ਮਾਲਕ ਨੂੰ ਕੋਈ ਹੋਰ ਕੰਮ ਨਹੀਂ ਸੁੱਝ ਰਿਹਾ ਸੀ। "ਚੰਗਾ, ਫੇਰ, ਆਏਂ ਕਰ! ਮੇਰੀ ਗੱਡੀ ਧੋ ਦੇ, ਜ਼ਰਾ!"

ਬਚ੍ਹੀ ਨੂੰ ਗੁੱਸਾ ਤਾਂ ਆਇਆ, ਪਰ ਮਾਲਕ ਦਾ ਹੁਕਮ ਉਹ ਕਿਵੇਂ ਮੋੜ ਸਕਦਾ ਸੀ।

ਬਚ੍ਹੀ ਨੂੰ ਮਜ਼ਦੂਰਾਂ ਨੂੰ ਚਾਹ-ਪਾਣੀ ਪਿਲਾਉਣ ਲਈ ਰੱਖਿਆ ਹੋਇਆ ਸੀ- ਬਾਰਾਂ ਸੌ ਰੁਪਏ ਮਹੀਨੇ ਤੇ ਕੀ ਮਾੜਾ ਸੀ। ਨਹੀਂ ਤਾਂ, ਮਜ਼ਦੂਰ, ਪਾਣੀ ਪੀਣ ਦੇ ਬਹਾਨੇ, ਕੰਮ ਵਿੱਚੋਂ ਛੱਡ ਕੇ ਆਰਾਮ ਕਰਨ ਬਹਿ ਜਾਂਦੇ ਸਨ।

ਬਚ੍ਹੀ ਨੇ ਮਿੰਟਾਂ ਵਿੱਚ ਕਾਰ ਧੋ-ਸੰਵਾਰ ਦਿੱਤੀ। ਜਦੋਂ ਉਹ ਛੱਪੜੀ ਕੋਲ ਵਾਪਿਸ ਗਿਆ, ਤਾਂ ਮਾਲਕ ਦੇ ਮੁੰਡੇ ਨੂੰ ਉਥੇ ਖੜ੍ਹਾ ਵੇਖ ਕੇ ਉਸਨੇ ਪੁੱਛਿਆ, "ਡੱਡੂ ਫੜ ਕੇ ਦੇਵਾਂ ?"

ਮੁੰਡੇ ਨੇ 'ਹਾਂ' ਵਿੱਚ ਸਿਰ ਹਿਲਾਇਆ।

ਬਚ੍ਹੀ ਮੁੜ ਛੱਪੜੀ ਵਿੱਚ ਵੜ ਗਿਆ।

ਆਪਣੇ ਮੁੰਡੇ ਨੂੰ ਛੱਪੜੀ ਕਿਨਾਰੇ ਖੜ੍ਹਾ ਵੇਖ, ਮਾਲਕ ਨੇ ਆਵਾਜ਼ ਮਾਰੀ, "ਹਨੀ ! ਏਧਰ ਆ ਜਾ, ਬੇਟਾ! ਏਥੇ ਡਿੱਗ ਜਾਵੇਂਗਾ!"

"ਪਾਪਾ, ਮੈਂ ਡੱਡੂ ਲੈਣੈ!"

ਮੁੰਡੇ ਤੇ ਕੋਈ ਅਸਰ ਨਾ ਹੋਇਆ ਵੇਖ, ਮਾਲਕ ਨੇ ਫਿਰ ਕਿਹਾ, "ਏਥੇ ਗੰਦਾ ਪਾਣੀ ਐ। ਏਧਰ ਆ ਜਾ।"

ਪਰ ਮੁੰਡੇ ਨੇ "ਮੈਂ ਨਹੀਂ" ਦੇ ਅੰਦਾਜ਼ ਵਿੱਚ ਮੋਢੇ ਹਿਲਾਏ।

"ਬੇਟੇ, ਆਪਾਂ ਬਾਜ਼ਾਰ ਵਿੱਚੋਂ ਸੋਹਣੇ ਫਰੌਗਜ਼ ਲੈ ਕੇ ਆਵਾਂਗੇ। ਏਥੇ ਤਾਂ ਗੰਦੇ ਨੇ!" ਪਲਾਸਟਿਕ ਦੇ ਡੱਡੂਆਂ ਨੂੰ ਕਲਪਦਿਆਂ ਮਾਲਕ ਨੇ ਮੁੰਡੇ ਨੂੰ ਕਿਹਾ।

ਤਦ ਨੂੰ ਬਚ੍ਰੀ ਨੇ ਖ਼ੁਸ਼ੀ ਵਿੱਚ ਉੱਛਲਦਿਆਂ ਚੀਖ਼ ਮਾਰੀ। ਉਸਦੇ ਹੱਥ ਵਿੱਚ ਡੱਡੂ ਸੀ।

ਵੇਖ ਕੇ ਹਨੀ ਵੀ ਤਾੜੀਆਂ ਮਾਰਨ ਲੱਗ ਪਿਆ।

ਮਾਲਕ ਨੇ ਇੱਕ ਜ਼ੋਰਦਾਰ ਥੱਪੜ ਬਚ੍ਰੀ ਦੀ ਗਰਦਨ 'ਚ ਮਾਰਿਆ। "ਸੁੱਟ ਏਹਨੂੰ ਹੇਠਾਂ!........ ਨਾ ਕੰਮ, ਨਾ ਕਾਰ! ਸਾਰਾ ਦਿਨ ਸ਼ਰਾਰਤਾਂ 'ਚ ਲੱਗਿਆ ਰਹਿਨੈ!......... ਚੱਲ, ਮਿਸਤਰੀ ਨੂੰ ਇੱਟਾਂ ਫੜਾ ਚੱਲ ਕੇ।"

ਬਚੀ ਦੇ ਹੱਥੋਂ ਡੱਡੂ ਹੇਠਾਂ ਡਿੱਗ ਪਿਆ ਸੀ। ਡੱਡੂ ਟਪੂਸੀਆਂ ਮਾਰਦਾ ਛੱਪੜੀ 'ਚ ਕਿਧਰੇ ਗਵਾਚ ਗਿਆ।

ਅੱਖਾਂ ਵਿੱਚ ਦਹਿਸ਼ਤ ਲਈ, ਹਨੀ ਕਾਰ ਅੰਦਰ ਸੀਟ ਤੇ ਸੁੰਗੜ ਕੇ ਬੈਠ ਗਿਆ।

ਇੱਟਾਂ ਚੁੱਕੀ ਜਾਂਦੇ ਬਚ੍ਰੀ ਨੇ ਜਦੋਂ ਮੁੜ ਛੱਪੜੀ ਵੱਲ ਵੇਖਿਆ ਤਾਂ ਉਸਦੀਆਂ ਅੱਖ ਵਿੱਚ ਅਟਕਿਆ ਅੱਥਰੂ ਆਪ-ਮੁਹਾਰੇ ਉਸ ਦੀ ਗੱਲ੍ਹ ਤੇ ਵਗ ਤੁਰਿਆ।

# ਚਾਦਰ

ਪਿੰਡ ਦੇ ਕੱਚੇ ਰਾਹ ਤੋਂ ਰਿਕਸ਼ੇ ਨੂੰ ਸ਼ਹਿਰ ਵਾਲੀ ਪੱਕੀ ਸੜਕ ਤੇ ਪਾਉਂਦਿਆਂ ਹੀ ਮੋਦੂ ਨੇ ਸਿੱਧੀ ਸ਼ਹਿਰ ਵੱਲ ਨੂੰ ਸ਼ੂਟ ਵੱਟ ਲਈ। ਉਸ ਦੇ ਪੈਡਲਾਂ ਦੇ ਨਾਲ–ਨਾਲ ਘੁੰਮ ਰਹੇ ਪੈਰ ਤੇਜ਼, ਹੋਰ ਤੇਜ਼ ਤੇ ਫਿਰ ਹੋਰ ਤੇਜ਼ ਹੁੰਦੇ ਗਏ। ਸ਼ਾਮੀਂ, ਆਖ਼ਰੀ ਪਿੰਡ ਵਿੱਚ ਸਬਜ਼ੀ ਵੇਚ ਕੇ ਨਿਕਲਣ ਤੋਂ ਬਾਅਦ ਉਸਨੂੰ ਘਰ ਪਹੁੰਚਣ ਦੀ ਇਸੇ ਤਰ੍ਹਾਂ ਕਾਹਲ ਹੁੰਦੀ ਸੀ।

ਹਰ ਰੋਜ਼ ਸਵੇਰ ਨੂੰ ਮੂੰਹ–ਹਨ੍ਹੇਰੇ ਉਹ ਉਸ ਛੋਟੇ ਜਿਹੇ ਸ਼ਹਿਰ ਵਿਚਲੇ ਆਪਣੇ ਕੱਚੇ ਮਕਾਨ ਵਿੱਚੋਂ ਰਿਕਸ਼ਾ ਚੁੱਕ ਕੇ ਮੰਡੀ ਵੱਲ ਚੱਲ ਪੈਂਦਾ। ਉਸਦਾ ਇਹ ਰਿਕਸ਼ਾ ਆਮ ਰਿਕਸ਼ਿਆਂ ਵਰਗਾ ਨਹੀਂ ਸੀ। ਸਵਾਰੀਆਂ ਦੇ ਬੈਠਣ ਵਾਲੀ ਸੀਟ ਦੀ ਥਾਂ ਇਸ ਵਿੱਚ ਲੱਕੜ ਦੀਆਂ ਮੋਟੀਆਂ ਫੱਟੀਆਂ ਦਾ ਬਣਿਆ ਵੱਡਾ ਸਾਰਾ ਡੱਬਾ ਫਿੱਟ ਕੀਤਾ ਹੋਇਆ ਸੀ, ਜਿਸ ਵਿੱਚ ਸਬਜ਼ੀ ਰੱਖ ਕੇ ਉਹ ਪਿੰਡਾਂ ਵਿੱਚ ਵੇਚਣ ਜਾਂਦਾ ਸੀ। ਉਂਝ ਕਹਿਣ ਨੂੰ ਤਾਂ ਇਸਨੂੰ ਰੇਹੜੀ ਵੀ ਕਿਹਾ ਜਾ ਸਕਦਾ ਸੀ, ਪਰ ਮੋਦੂ ਇਸਨੂੰ 'ਗੱਡੀ' ਕਹਿੰਦਾ ਸੀ।

ਤੇਜ਼ ਹਵਾ ਲੱਗਣ ਕਰਕੇ ਮੋਢਿਆਂ ਦੁਆਲੇ ਲਪੇਟੀ ਚਾਦਰ ਦਾ ਇੱਕ ਪੱਲਾ ਸਰਕ ਕੇ ਹਵਾ ਵਿੱਚ ਉੱਡਣ ਲੱਗਿਆ। ਛਾਤੀ ਨੰਗੀ ਹੋ ਜਾਣ ਕਰਕੇ (ਉਂਝ ਇੱਕ ਪੁਰਾਣੀ ਕਮੀਜ਼ ਸੀ, ਜੋ ਹਵਾ ਨੂੰ ਨਾ–ਮਾਤਰ ਹੀ ਰੋਕਦੀ ਸੀ) ਹਵਾ ਮੋਦੂ ਦੀ ਅੰਦਰ ਨੂੰ ਧਸੀ ਹੋਈ ਛਾਤੀ ਤੇ ਸਿੱਧੀ ਵੱਜਣ ਲੱਗੀ।

ਮੋਦੂ ਦੇ ਨੱਕ ਤੇ ਕੰਨ ਠੰਢ ਕਾਰਨ ਲਾਲ ਹੋ ਗਏ ਸਨ। ਹਵਾ ਲੱਗਣ ਕਰਕੇ ਹੌਲੀ–ਹੌਲੀ ਉਸਦੇ ਦੰਦ ਵੱਜਣ ਲੱਗ ਪਏ।

ਉਸਨੇ ਗੱਡੀ ਹੌਲੀ ਕਰਕੇ ਚਾਦਰ ਦੀ ਦੁਬਾਰਾ ਬੁੱਕਲ ਮਾਰ ਲਈ।

ਕੁਝ ਨਿੱਘ ਜਿਹੀ ਮਹਿਸੂਸ ਹੋਈ। ਨਾਲ ਹੀ ਉਸਨੂੰ ਆਪਣੀ ਘਰਵਾਲੀ ਦੇ ਝੁਰੜੀਆਂ ਭਰੇ ਚਿਹਰੇ ਤੇ ਪਿਆਰ ਜਿਹਾ ਆ ਗਿਆ। ਅੱਜ ਸਵੇਰੇ ਹੀ ਜਦੋਂ ਉਹ ਗੱਡੀ ਬਾਹਰ ਕੱਢਣ ਲੱਗਿਆ ਸੀ ਤਾਂ ਉਸਦੀ ਘਰਵਾਲੀ ਨੇ ਪੇਟੀ ਵਿੱਚੋਂ ਨਵੀਂ ਕੱਢੀ ਚਾਦਰ ਉਸਨੂੰ ਫੜਾ ਦਿੱਤੀ, "ਲੈ ਫੜ, ਉੱਤੇ ਲੈ ਲੈ! ਠੰਢ ਤੋਂ ਬਚਿਆ ਰਹੇਂਗਾ!"

ਪਰ ਮੋਦੂ ਅੰਦਰ ਨਵੀਂ ਚਾਦਰ ਉੱਤੇ ਲੈ ਕੇ ਖ਼ਰਾਬ ਕਰਨ ਦਾ ਹੌਸਲਾ ਨਾ ਪਿਆ ਤੇ ਉਸਨੇ ਲਾਪਰਵਾਹੀ ਜਿਹੀ ਨਾਲ ਜਵਾਬ ਦੇ ਦਿੱਤਾ, "ਓ, ਬੱਸ! ਹੁਣ ਤਾਂ ਲੰਘ ਗੀ ਠੰਢ! ਹੁਣ ਚਾਦਰ ਕੀ ਕਰਨੀ ਐ ?"

"ਠੰਢ ਕਿੱਥੋਂ ਲੰਘ ਗੀ! ਹਾਲੇ ਤਾਂ ਠੰਢ ਹੋਰ ਪਊ! ਨਾਲੇ, ਤੇਰਾ ਹਾਲ ਤਾਂ ਦੇਖ

ਲਾ, ਨਜਲੇ-ਜਖਾਮ ਨਾਲ ਕੀ ਹੋਇਆ ਪਿਐ! ਤੈਂ ਮਰਨ ਦੀ ਸਲਾਹ ਤਾਂ ਨੀ ਕੀਤੀ ਹੋਈ ?" ਘਰਵਾਲੀ ਦੀ ਸਵੇਰ ਦੀ ਖ਼ਾਮੋਸ਼ੀ ਨੂੰ ਚੀਰਦੀ ਹੋਈ ਡਾਂਟ ਭਰੀ ਆਵਾਜ਼ ਤੋਂ ਡਰਦਿਆਂ ਉਸਨੇ ਚੁੱਪ-ਚਾਪ ਚਾਦਰ ਫੜ ਕੇ ਦੁਆਲੇ ਲਪੇਟ ਲਈ।

ਰਸਤੇ ਵਿੱਚ ਲੱਗੇ ਮੀਲ-ਪੱਥਰ ਤੇ ਸ਼ਹਿਰ ਦੇ ਨਾਂ (ਜਿਹੜਾ ਕਿ ਉਸਨੂੰ ਪੜ੍ਹਨਾ ਨਹੀਂ ਸੀ ਆਉਂਦਾ) ਹੇਠਾਂ '4' ਵੇਖ ਕੇ ਉਸਦੇ ਮਨ ਵਿੱਚ ਕਾਹਲ ਪੈਦਾ ਹੋ ਗਈ।

ਪਰ, ਫਿਰ "ਚੱਲ ਛੱਡ, ਏਨੀ ਵੀ ਕੀ ਕਾਹਲੀ ਐ! ਆਰਾਮ ਨਾਲ ਚੱਲਦੇ ਆਂ!" ਦਿਮਾਗ਼ ਵਿੱਚ ਆਉਂਦਿਆਂ ਹੀ ਉਸਨੇ ਕਾਹਲ ਨੂੰ ਪਰ੍ਹਾਂ ਵਗਾਹ ਮਾਰਿਆ।

ਕੁਝ ਅੱਗੇ ਜਾ ਕੇ ਮੋਦੂ ਨੂੰ ਆਪਣੇ ਸਿਰ ਵਿਚਲੇ ਗੰਜ ਵਿੱਚ ਕੁਝ ਟਪਕਿਆ ਮਹਿਸੂਸ ਹੋਇਆ—ਜਿਵੇਂ ਕਿਸੇ ਜਨੌਰ ਨੇ ਬਿੱਠ ਕੀਤੀ ਹੋਵੇ-ਤੇ ਉਸਦੇ ਮੂੰਹੋਂ ਗਾਲ੍ਹ ਨਿਕਲ ਗਈ। ਉਸਨੇ ਉਂਗਲ ਨਾਲ ਉਸ ਥਾਂ (ਜਿੱਥੇ ਬਿੱਠ ਡਿੱਗੀ ਸੀ) ਨੂੰ ਛੂਹ ਕੇ ਵੇਖਿਆ।

ਉਂਗਲ ਹਲਕੀ ਜਿਹੀ ਗਿੱਲੀ ਤਾਂ ਸੀ, ਪਰ ਉਥੇ ਬਿੱਠ ਵਰਗਾ ਕੁਝ ਵੀ ਨਹੀਂ ਸੀ-ਇਹ ਜਾਣ ਕੇ ਮੋਦੂ ਨਿਸ਼ਚਿੰਤ ਹੋ ਗਿਆ। ਪਰ ਤਦੇ ਹੀ ਇੱਕ ਹੋਰ ਤੁਪਕਾ ਉਸਦੀ ਖੱਬੀ ਹਥੇਲੀ ਦੇ ਪੁੱਠੇ ਪਾਸੇ ਤੇ ਡਿੱਗਿਆ।

ਉਸਨੇ ਆਸਮਾਨ ਵੱਲ ਵੇਖਿਆ। ਉਸਦਾ ਅੰਦਾਜ਼ਾ ਸਹੀ ਸੀ। ਆਸਮਾਨ ਤੇ ਸੰਘਣੇ ਕਾਲੇ ਬੱਦਲ ਛਾਏ ਹੋਏ ਸਨ।

ਵੇਖਦਿਆਂ ਹੀ ਮੋਦੂ ਦੇ ਪੈਰ ਤੇਜ਼ ਹੋ ਗਏ। ਵਿਰਲੀਆਂ-ਵਿਰਲੀਆਂ ਮੋਟੀਆਂ ਕਣੀਆਂ ਪੈਣ ਲੱਗੀਆਂ, ਤੇ ਫਿਰ ਤੇਜ਼ ਹੋ ਗਈਆਂ।

ਮੋਦੂ ਨੂੰ ਸਬਜ਼ੀ ਦੀ ਫਿਕਰ ਹੋਣ ਲੱਗੀ। ਕੁਝ ਸਬਜ਼ੀਆਂ ਨੂੰ ਤਾਂ ਕੋਈ ਫਰਕ ਨਹੀਂ ਸੀ ਪੈਣਾ, ਪਰ ਕੁਝ ਸਬਜ਼ੀਆਂ—ਜਿਵੇਂ ਪਿਆਜ਼, ਲਸਣ ਤੇ ਕੁਝ ਹੋਰ—ਤਾਂ ਬਿਲਕੁਲ ਹੀ ਖ਼ਰਾਬ ਹੋ ਜਾਣੀਆਂ ਸਨ।

ਉਸਦਾ ਦਿਲ ਕੀਤਾ ਕਿ ਗੱਡੀ ਨੂੰ ਰਸਤੇ ਵਿੱਚ ਕਿਸੇ ਢਾਬੇ ਜਾਂ ਦੁਕਾਨ ਦੇ ਸ਼ੈੱਡ ਹੇਠਾਂ ਖੜ੍ਹਾ ਕੇ ਮੀਂਹ ਦੇ ਰੁਕਣ ਦੀ ਉਡੀਕ ਕਰੇ।

"ਪਰ, ਕੀ ਫਾਇਦਾ! ਇਹ ਮੀਂਹ ਤਾਂ ਛੇਤੀ ਰੁਕਣ ਵਾਲਾ ਨੀ।"

ਪੁਰਾਣੇ ਤਜਰਬੇਕਾਰ ਜਾਂ (ਉਸਦੇ ਮੁੰਡੇ ਦੇ ਕਹਿਣ ਅਨੁਸਾਰ) 'ਦੇਸੀ' ਲੋਕਾਂ ਵਾਂਗ ਉਸਨੂੰ ਪੂਰੀ ਪਛਾਣ ਸੀ ਕਿ ਕਿਹੜੇ ਬੱਦਲ ਲੰਮੇਂ ਸਮੇਂ ਤੱਕ ਵਰ੍ਹਦੇ ਹਨ ਤੇ ਕਿਹੜੇ ਸਿਰਫ਼ ਛੜਾਕਾ ਮਾਰ ਕੇ ਲੰਘ ਜਾਂਦੇ ਹਨ।

ਤਦੇ ਹੀ ਇੱਕ ਟਰੱਕ ਉਸਦੇ ਨੇੜਿਓਂ ਤੇਜ਼ੀ ਨਾਲ ਲੰਘਿਆ ਤੇ ਉਹਦੇ ਉੱਤੇ ਛਿੱਟੇ ਪਾ ਗਿਆ।

ਮੋਦੂ ਨੇ ਟਰੱਕ ਵਾਲੇ ਨੂੰ ਕਈ ਗਾਲ੍ਹਾਂ ਕੱਢੀਆਂ।

ਪਰ ਟਰੱਕ ਨੂੰ ਜਿਵੇਂ ਇਸਦੀ ਕੋਈ ਪਰਵਾਹ ਹੀ ਨਹੀਂ ਸੀ। ਭੱਜੇ ਜਾਂਦੇ ਟਰੱਕ ਦਾ ਸਿਰਫ਼ ਕਾਲੀ ਤ੍ਰਿਪਾਲ ਨਾਲ ਢਕਿਆ ਪਿਛਲਾ ਹਿੱਸਾ ਹੀ ਦਿਖਾਈ ਦੇ ਰਿਹਾ ਸੀ।

ਤ੍ਰਿਪਾਲ ਤੋਂ ਹੀ ਉਸਨੂੰ ਯਾਦ ਆਇਆ ਕਿ ਉਸਨੂੰ ਵੀ ਮੀਂਹ ਤੋਂ ਸਬਜ਼ੀ ਨੂੰ

ਬਚਾਉਣ ਲਈ ਇੱਕ ਛੋਟੀ ਜਿਹੀ ਤ੍ਰਿਪਾਲ ਖਰੀਦ ਲੈਣੀ ਚਾਹੀਦੀ ਸੀ।

"ਪਰ ਤ੍ਰਿਪਾਲ ਵੀ ਕਿਹੜਾ, ਸਾਲੀ, ਸਸਤੀ ਆਉਂਦੀ ਐ! ਐਥੇ ਤਾਂ ਦੋ ਵਕਤ ਦੀ ਰੋਟੀ ਮਸਾਂ ਨਸੀਬ ਹੁੰਦੀ ਐ!"

"ਮੈਂ ਵੀ, ਯਾਰ, 'ਗਾਹਾਂ ਦੀ ਸੋਚਣ ਲੱਗ ਪੈਨਾਂ! ਹੁਣ ਕੀ ਕਰੀਏ, ਹੁਣ ਦੀ ਸੋਚ!"

"......... ਚਾਦਰ!.......... ਹਾਂ, ਚਾਦਰ!"

ਤੇ ਉਸਨੇ ਗੱਡੀ ਰੋਕ ਕੇ ਆਪਣੇ ਉਤਲੀ ਚਾਦਰ ਲਾਹ ਕੇ ਸਬਜ਼ੀ ਤੇ ਦੇ ਦਿੱਤੀ।

ਹੁਣ ਉਹ ਨਿਸ਼ਚਿੰਤ ਸੀ।

ਘਰ ਪਹੁੰਚਦਿਆਂ ਹੀ ਉਸਨੇ ਬੰਦ ਦਰਵਾਜ਼ੇ ਦੇ ਬਾਹਰ ਖੜ੍ਹ ਕੇ ਦਰਵਾਜ਼ਾ ਖੜਕਾਉਣਾ ਸ਼ੁਰੂ ਕਰ ਦਿੱਤਾ। ਜਦੋਂ ਕਾਫ਼ੀ ਦੇਰ ਤੱਕ ਕੋਈ ਨਾ ਆਇਆ ਤਾਂ ਉਹ ਉੱਚੀ-ਉੱਚੀ ਹਾਕਾਂ ਮਾਰਨ ਦੇ ਨਾਲ-ਨਾਲ ਗਾਲ੍ਹਾਂ ਵੀ ਕੱਢਣ ਲੱਗ ਪਿਆ।

ਅੰਦਰੋਂ ਕੁੰਡਾ ਖੁੱਲ੍ਹਣ ਦੀ ਆਵਾਜ਼ ਆਈ। ਆਪਣੇ ਮੁੰਡੇ ਨੂੰ ਵੇਖ ਕੇ ਉਹ 'ਬੁੜ-ਬੁੜ' ਕਰਨ ਲੱਗ ਪਿਆ। ਪਰ ਮੁੰਡਾ ਪਰਵਾਹ ਕੀਤੇ ਵਗੈਰ ਹੀ ਵਰਾਂਢੇ ਤੋਂ ਬਾਅਦ ਵਿਹੜਾ ਟੱਪ ਕੇ ਸਾਹਮਣੇ ਵਾਲੇ ਦੋ ਕਮਰਿਆਂ ਵਿੱਚੋਂ ਇੱਕ ਵਿੱਚ ਜਾ ਵੜਿਆ।

ਗੱਡੀ ਨੂੰ ਵਰਾਂਢੇ ਵਿੱਚ ਖੜ੍ਹਾਉਣ ਤੋਂ ਬਾਅਦ ਮੋਦੂ ਨੇ ਸਬਜ਼ੀ ਤੋਂ ਚਾਦਰ ਚੁੱਕੀ ਤੇ ਬਾਹਰਲੇ ਦਰਵਾਜ਼ੇ ਦਾ ਕੁੰਡਾ ਲਾਉਣ ਮਗਰੋਂ ਉਹ ਵੀ ਮੁੰਡੇ ਵਾਲੇ ਕਮਰੇ ਵਿੱਚ ਜਾ ਵੜਿਆ।

ਸਿਰ ਤੋਂ ਲੈ ਕੇ ਪੈਰਾਂ ਤੱਕ ਉਹ ਮੀਂਹ ਨਾਲ ਗੱਚ ਹੋਇਆ ਪਿਆ ਸੀ। ਉਸਦੇ ਬੁੱਲ੍ਹ ਨੀਲੇ ਹੁੰਦੇ ਜਾ ਰਹੇ ਸਨ, ਤੇ ਉਸਦੇ ਦੰਦ ਵੱਜ ਰਹੇ ਸਨ। ਹੈਰਾਨੀ ਦੀ ਗੱਲ ਇਹ ਸੀ ਕਿ ਘਰ ਪਹੁੰਚਣ ਤੋਂ ਬਾਅਦ ਉਸਨੂੰ ਠੰਢ ਜ਼ਿਆਦਾ ਮਹਿਸੂਸ ਹੋਣ ਲੱਗ ਪਈ ਸੀ ਤੇ ਉਸਦੇ ਸਿਰ ਵਿੱਚ ਵੀ ਹਲਕਾ-ਹਲਕਾ ਦਰਦ ਉੱਭਰ ਆਇਆ ਸੀ।

ਉਸਦੀ ਘਰਵਾਲੀ ਕਮਰੇ ਵਿੱਚ ਦਾਖ਼ਲ ਹੋਈ।

"ਆਏ-ਹਾਏ! ਤੂੰ ਤਾਂ-ਜਮ੍ਹੀਂ ਗੱਚ ਹੋਇਆ ਪਿਐਂ!..."

...ਤੇ ਉਹ "ਟਿਚ-ਟਿਚ" ਕਰਦੀ ਉਸਨੂੰ ਕੱਪੜੇ ਦੇਣ ਲੱਗ ਪਈ।

ਕੱਪੜੇ ਬਦਲ ਕੇ ਮੋਦੂ ਬਿਸਤਰੇ ਵਿੱਚ ਵੜ ਗਿਆ।

ਬਿਸਤਰੇ ਵਿੱਚ ਵੜਦਿਆਂ ਹੀ ਮੋਦੂ ਨੂੰ ਕੁਝ ਨਿੱਘ ਮਹਿਸੂਸ ਹੋਇਆ। ਪਰ ਉਸਦਾ ਸ਼ਰੀਰ ਗਰਮ ਹੋਣ ਵਿੱਚ ਨਹੀਂ ਸੀ ਆ ਰਿਹਾ। ਉਸਨੂੰ ਲੱਗ ਰਿਹਾ ਸੀ ਕਿ ਜਿਵੇਂ ਪਾਲ਼ਾ ਉਸਦੇ ਅੰਦਰੋਂ ਉੱਠ ਰਿਹਾ ਹੋਵੇ। ਸਗੋਂ ਉਸਨੂੰ ਖੰਘ ਛਿੜਨ ਲੱਗ ਪਈ ਤੇ ਫਿਰ ਖੰਘ ਕਾਰਨ ਸਾਹ ਲੈਣਾ ਔਖਾ ਹੋ ਗਿਆ।

"ਆਏ-ਹਾਏ! ਤੈਨੂੰ ਤਾਂ ਕੁੱਤੇ-ਖਾਂਸੀ ਹੋਈ, ਪਈ ਐ", ਉਸ ਦੀ ਘਰਵਾਲੀ

ਉਸ ਦੇ ਮੱਥੇ ਤੇ ਹੱਥ ਦਾ ਪੁੱਠਾ ਪਾਸਾ ਰੱਖਦਿਆਂ ਬੋਲੀ, "ਮੈਂ ਮਰ ਜਾਂ! ਕਾਕੇ ਦੇ ਬਾਪੂ, ਤੈਨੂੰ ਤਾਂ ਤਾਪ ਚੜ੍ਹਿਆ ਪਿਐ!... ਤੂੰ ਕਿਹੜਾ ਕਿਸੇ ਦੀ ਮੰਨਦੈਂ! ਵੀਹ ਵਾਰੀ ਕਿਹੈ, ਬਈ, ਦਵਾਈ ਲੈ ਆ! ਪਰ ਕਿੱਥੇ?"

ਮੋਦੂ ਚੁੱਪ-ਚਾਪ ਠੰਢ ਨਾਲ ਕੰਬਦਾ ਆਪਣੀ ਘਰਵਾਲੀ ਦਾ ਭਾਸ਼ਣ ਸੁਣਦਾ ਰਿਹਾ।

"ਮੈਂ ਚਾਹ ਬਣਾ ਕੇ ਲਿਆਉਨੀ ਆਂ," ਕਹਿੰਦਿਆਂ ਉਸਦੀ ਘਰਵਾਲੀ ਉੱਠ ਕੇ ਨਾਲ ਦੇ ਕਮਰੇ ਵਿੱਚ ਚਲੀ ਗਈ।

"ਤ੍ਰਿਪ-ਤ੍ਰਿਪ" ਦੀ ਆਵਾਜ਼ ਸੁਣ ਕੇ ਮੋਦੂ ਨੇ ਕਮਰੇ ਦੀ ਛੱਤ ਦੇ ਇੱਕ ਕੋਨੇ ਵੱਲ ਵੇਖਿਆ। ਛੱਤ ਚੋਅ ਰਹੀ ਸੀ।

ਮੋਦੂ ਉੱਭੜਵਾਹੇ ਉੱਠਿਆ ਜਿਵੇਂ ਕੁੱਝ ਯਾਦ ਆਇਆ ਹੋਵੇ! ਮੰਜੇ ਤੇ ਬੈਠੇ-ਬੈਠੇ ਹੀ ਉਸਨੇ ਟੇਢਾ ਹੋ ਕੇ ਬਾਹਰ ਵੇਖਿਆ।

ਵਰਾਂਢੇ ਦੀ ਛੱਤ ਕਾਫ਼ੀ ਜ਼ਿਆਦਾ ਚੋਅ ਰਹੀ ਸੀ।

ਮੋਦੂ ਦੀ ਘਰਵਾਲੀ ਜਦੋਂ ਚਾਹ ਦਾ ਗਲਾਸ ਫੜੀਂ ਅੰਦਰ ਆਈ ਤਾਂ ਮੋਦੂ ਬਿਸਤਰੇ ਵਿੱਚ ਨਹੀਂ ਸੀ। ਉਸ ਨੇ ਦੂਜੇ ਬਿਸਤਰੇ ਵਿੱਚ ਬੈਠੇ, ਸਕੂਲ ਦਾ ਕੰਮ ਕਰ ਰਹੇ, ਆਪਣੇ ਮੁੰਡੇ ਤੋਂ ਪੁੱਛਿਆ, "ਵੇ, ਤੇਰਾ ਬਾਪੂ ਕਿੱਥੇ ਗਿਐ ?"

"ਮੈਨੂੰ ਕੀ ਪਤੈ!" ਮੁੰਡੇ ਨੇ ਲਾਪਰਵਾਹੀ ਨਾਲ ਰੁੱਖਾ ਜਿਹਾ ਜਵਾਬ ਦਿੱਤਾ।

ਮਾਂ ਨੂੰ ਗੁੱਸਾ ਤਾਂ ਆਇਆ, ਪਰ ਮੋਦੂ ਦੇ ਧਿਆਨ ਵਿੱਚ ਉਹ ਮੁੰਡੇ ਨੂੰ ਡਾਂਟਣਾ ਭੁੱਲ ਗਈ।

ਗਲਾਸ ਚੁੱਕੀ ਜਦੋਂ ਉਹ ਵਰਾਂਢੇ ਵਿੱਚ ਆਈ ਤਾਂ ਉਸਨੇ ਵੇਖਿਆ ਕਿ 'ਥਰ-ਥਰ' ਕੰਬਦੇ ਸ਼ਰੀਰ ਨਾਲ ਮੋਦੂ ਸਬਜ਼ੀ ਤੇ ਦਿੱਤੀ ਚਾਦਰ ਨੂੰ 'ਠੀਕ' ਕਰ ਰਿਹਾ ਸੀ।

# ਪਸੀਨੇ ਦੀ ਬਦਬੂ

ਜੱਗੀ ਨੂੰ ਖ਼ੁਸ਼ੀ ਦੇ ਨਾਲ-ਨਾਲ ਬੇਯਕੀਨੀ ਵੀ ਸੀ। ਉਸਨੂੰ ਅਕਾਰਨ ਹੀ ਸ਼ੱਕ ਸੀ ਕਿ ਕਿਤੇ ਅਜਿਹਾ ਨਾ ਹੋਵੇ ਕਿ 'ਬਣਦੇ' ਚਾਲੀ ਰੁਪਏ ਉਸਨੂੰ ਨਾ ਮਿਲਣ। ਕੰਮ ਤੋਂ ਬਾਅਦ ਰੁਪਏ ਹੱਥ ਵਿੱਚ ਫੜ ਕੇ ਉਸ ਨੂੰ ਕੁੱਝ ਤਸੱਲੀ ਹੋਈ।

ਅੱਜ ਫਿਰ ਉਹ ਸਵੇਰ ਦਾ ਚੌਂਕ ਵਿੱਚ ਖੜ੍ਹਾ ਕੰਮ ਨੂੰ ਉਡੀਕ ਰਿਹਾ ਸੀ। ਉਸਨੂੰ ਦਿਹਾੜੀ ਮਿਲਣ ਦੀ ਕੋਈ ਆਸ ਨਹੀਂ ਸੀ ਕਿਉਂਕਿ ਲਗਭਗ ਪਿਛਲੇ ਇੱਕ ਹਫਤੇ ਤੋਂ, ਜਦ ਤੋਂ ਉਸ ਨੇ ਕੰਮ ਸ਼ੁਰੂ ਕੀਤਾ ਸੀ, ਇਸੇ ਤਰ੍ਹਾਂ ਹੁੰਦਾ ਆ ਰਿਹਾ ਸੀ। ਪਰ ਫਿਰ ਵੀ ਉਹ ਖੜ੍ਹਾ ਸੀ, ਬੇਆਸ ਹੋਇਆ! ਕੁਦਰਤੀਂ ਉਸ ਨੂੰ ਅੱਧੀ ਦਿਹਾੜੀ ਲਈ ਕੰਮ ਮਿਲ ਹੀ ਗਿਆ। ਉਸ ਨੇ ਰੁਪਏ ਖੀਸੇ ਵਿੱਚ ਪਾਏ ਤੇ ਤੁਰ ਪਿਆ। 'ਸ਼ਰੀਰ ਤੇ ਪਸੀਨਾ ਤੇ ਖੀਸੇ ਵਿੱਚ ਚਾਲੀ ਰੁਪਏ' ਵੱਲ ਧਿਆਨ ਜਾਣ ਤੇ ਉਸਨੂੰ ਆਪਣਾ ਆਪ ਮਰਦ ਮਹਿਸੂਸ ਹੋਇਆ। ਉਸ ਨੂੰ ਅਪਣੇ ਪਸੀਨੇ ਦੀ ਬਦਬੂ ਚੰਗੀ-ਚੰਗੀ ਲੱਗੀ। ਅਜਿਹੀ ਆਕਰਸ਼ਕ ਬਦਬੂ ਉਸਦੇ ਬਾਪ ਦੇ ਸ਼ਰੀਰ ਵਿੱਚੋਂ ਆਇਆ ਕਰਦੀ ਸੀ। ਜਦੋਂ ਵੀ ਉਹ ਖੇਡ-ਕੁੱਦ ਕੇ ਘਰ ਵੜਦਾ ਸੀ ਤਾਂ ਉਸ ਨੂੰ ਅਪਣੇ ਪਸੀਨੇ ਦੀ ਬਦਬੂ ਬਹੁਤ ਭੈੜੀ ਲੱਗਦੀ ਸੀ। ਉਸ ਦੇ ਬਾਪ ਦੇ ਪਸੀਨੇ ਦੀ ਬਦਬੂ ਤਾਂ ਇਸ ਨਾਲੋਂ ਕਿਤੇ ਵੱਖਰੀ ਸੀ। ਪਰ ਅੱਜ ਪਹਿਲੀ ਵਾਰ ਉਸ ਨੂੰ ਅਪਣੇ ਆਪ ਵਿੱਚੋਂ ਇਹੋ ਜਿਹੀ ਬਦਬੂ ਆ ਰਹੀ ਸੀ। ਤੁਰਦਿਆਂ, ਧਰਤੀ ਤੇ ਉਸਨੂੰ ਅਪਣਾ ਆਪ ਕੁਝ ਅਰਥ ਭਰਪੂਰ ਲੱਗਿਆ—ਬਿਲਕੁਲ ਅਪਣੇ ਬਾਪ ਵਾਂਗ!

ਉਸ ਨੂੰ ਖ਼ੁਸ਼ੀ ਸੀ ਕਿ ਅੱਜ ਉਹ ਘਰ ਵਿੱਚ ਬਾਕੀ ਬੱਚਿਆਂ ਵਾਂਗ ਅਣਗੌਲਿਆ ਨਹੀਂ ਰਹੇਗਾ। ਅੱਜ ਉਹ ਅਜ਼ਾਦ ਸੀ-ਨਾ ਤਾਂ ਹੁਣ ਉਸ ਨੂੰ ਬਾਪ ਦੀਆਂ ਨਜ਼ਰਾਂ ਤੋਂ ਬਚਕੇ ਰਹਿਣ ਦੀ ਲੋੜ ਸੀ ਤੇ ਨਾ ਹੀ ਘਰ ਵਿੱਚ ਕਿਸੇ ਨੂੰ ਹੁਕਮ ਲਾਉਣੋਂ ਡਰ ਲੱਗਣਾ ਸੀ। ਅੱਜ ਤਾਂ ਸਗੋਂ ਸਾਰਿਆਂ ਨੇ ਉਸ ਦੀ ਮਰਜ਼ੀ ਵਿੱਚ ਉਸ ਦਾ ਸਾਥ ਦੇਣਾ ਸੀ। ਹਰੇਕ ਲਈ ਕੁਝ ਨਾ ਕੁਝ ਖਰੀਦਣ ਦੇ ਇਰਾਦੇ ਨਾਲ ਉਹ ਬਜ਼ਾਰ ਵੱਲ ਮੁੜ ਪਿਆ। ਅਪਣੇ ਦਿਮਾਗ਼ ਵਿੱਚ ਹੀ ਉਹ ਚੀਜ਼ਾਂ ਦੇ ਹਿਸਾਬ ਨਾਲ ਚਾਲੀ ਰੁਪਏ ਵੰਡੀ ਜਾ ਰਿਹਾ ਸੀ। ਇਕ ਸੇਲ ਵਿੱਚ ਖੜ੍ਹ ਕੇ ਉਹ ਕੱਪੜੇ ਵੇਖਣ ਲੱਗ ਪਿਆ। "ਹਾਂ ਜੀ, ਦੱਸੋ," ਦੁਕਾਨਦਾਰ ਉਸਦੇ ਨਾਲ ਆਦਰ ਭਰੇ ਅੰਦਾਜ਼ ਵਿੱਚ ਬੋਲਿਆ। "ਕਿੰਨੇ-ਕਿੰਨੇ ਦੀ ਲਾਈ ਐ," ਜੱਗੀ ਇੱਕ ਟੀ-ਸ਼ਰਟ ਵੇਖ ਰਿਹਾ ਸੀ।

"ਸੱਤਰ ਰੁਪਏ ਦੀ"

"ਸੱਤਰ ਰੁਪਏ ਦੀ.......!"

"ਤੁਸੀਂ ਦੱਸ ਦਿਉ ਫਿਰ!"

"ਮੈਂ ਕੀ ਦੱਸਾਂ, ਯਾਰ!..... ਤੂੰ ਮਹਿੰਗੀ ਹੀ ਬੜੀ ਲਾਉਨੈਂ!" ਦਬਦੀਂ ਅਵਾਜ਼ ਵਿੱਚ ਬੋਲਦਿਆਂ ਉਹ ਟੀ-ਸ਼ਰਟ ਦਾ ਕੱਪੜਾ ਵੇਖਣ ਲੱਗ ਪਿਆ, ਭਾਵੇਂ ਉਸ ਨੂੰ ਕੱਪੜੇ ਬਾਰੇ ਭੋਰਾ ਵੀ ਜਾਂਚ ਨਹੀਂ ਸੀ। ਉਹ ਕੱਪੜੇ ਤੇ ਹੱਥ ਫੇਰਦਾ ਰਿਹਾ ਤੇ ਸੋਚਦਾ ਰਿਹਾ।

ਦੁਕਾਨਦਾਰ ਹੋਰ ਗ੍ਰਾਹਕਾਂ ਨੂੰ ਨਿਪਟਾਉਣ ਲੱਗ ਪਿਆ।

ਬਾਕੀ ਗ੍ਰਾਹਕਾਂ ਨਾਲ ਦੁਕਾਨਦਾਰ ਦਾ ਆਦਰ ਭਰਿਆ ਨਜ਼ਰੀਆ ਅਤੇ ਖ਼ੁਦ ਨੂੰ ਅਣਗੌਲਿਆਂ ਵੇਖ ਜੱਗੀ ਨੂੰ ਬੇਇੱਜ਼ਤੀ ਮਹਿਸੂਸ ਹੋਈ। ਜਦੋਂ ਉਹ ਉਥੋਂ ਤੁਰਿਆ ਤਾਂ ਦੁਕਾਨਦਾਰ ਨੇ ਪਿੱਛੋਂ ਅਵਾਜ਼ ਦਿੱਤੀ "ਕੀ ਗੱਲ?"

"ਓ ਬੱਸ ਯਾਰ.... ਤੇਰਾ ਰੇਟ ਈ ਨੀ ਸਹੀ!" ਜੱਗੀ ਨੇ ਬਿਨਾਂ ਮੁੜਿਆਂ ਜਵਾਬ ਦਿੱਤਾ ਤੇ ਫਿਰ ਕਾਹਲ ਨਾਲ ਤੁਰ ਪਿਆ। ਪਿੱਛੋਂ ਦੁਕਾਨਦਾਰ ਕੁਝ ਬੁੜਬੁੜਾਇਆ, ਜਿਸ ਦੀ ਜੱਗੀ ਨੂੰ ਸਮਝ ਤਾਂ ਨਹੀਂ ਪਈ, ਪਰ ਉਹ ਬੇਇੱਜ਼ਤੀ ਮਹਿਸੂਸ ਕਰਕੇ ਅਪਣੇ ਆਪ ਵਿੱਚ ਹੀ ਘੁਟ ਗਿਆ।

ਛੇਤੀ ਹੀ ਉਸ ਦੇ ਅੰਦਰੋਂ ਇੱਕ ਅਣਜਾਣ ਖ਼ੁਸ਼ੀ ਦਾ ਫ਼ੁਹਾਰਾ ਫੁੱਟਿਆ, ਜਿਸਨੇ ਉਸਨੂੰ ਫਿਰ ਖੋਲ੍ਹ ਦਿੱਤਾ। ਫਿਰ ਉਸ ਨੇ ਇਰਾਦਾ ਕੀਤਾ ਕਿ ਬਿਨਾ ਕੋਈ ਚੀਜ਼ ਖਰੀਦਿਆਂ ਚਾਲੀ ਦੇ ਚਾਲੀ ਰੁਪਏ ਉਹ ਬੇਬੇ ਦੇ ਹੱਥ ਉੱਤੇ ਧਰ ਦੇਵੇਗਾ।

ਤੁਰੇ ਜਾਂਦਿਆਂ ਉਹ ਸੋਚ ਰਿਹਾ ਸੀ ਕਿ ਅੱਜ ਤਾਂ ਬੇਬੇ ਵੀ ਉਸ ਨੂੰ ਪੁੱਤ-ਪੁੱਤ ਕਰਦੀ ਨਹੀਂ ਥੱਕੇਗੀ। ਜਦੋਂ ਉਹ ਛੋਟੀਆਂ ਭੈਣਾ ਕੋਲੋਂ ਪਾਣੀ ਦਾ ਗਲਾਸ ਮੰਗੇਗਾ, ਜੇਕਰ ਉਹਨਾਂ ਨੇ ਨਾਂਹ-ਨੁੱਕਰ ਕੀਤੀ ਤਾਂ ਬੇਬੇ ਉਹਨਾਂ ਨੂੰ ਡਾਂਟੇਗੀ, "ਨੀ, ਥੋਨੂੰ ਸ਼ਰਮ ਨਹੀਂ ਆਉਂਦੀ! ਵੀਰ ਥੋਡਾ ਥੱਕ ਹਾਰ ਕੇ ਆਇਐ, ਤੁਸੀਂ ਪਾਣੀ ਦਾ ਗਲਾਸ ਵੀ ਨੀ ਦੇ ਸਕਦੀਆਂ!" ਪਰ ਉਹ ਆਪ "ਚਲ, ਛੱਡ, ਜਬਾਕੜੀਆਂ ਨੇ!" ਕਹਿ ਕੇ ਬੇਬੇ ਨੂੰ ਚੁੱਪ ਕਰਵਾ ਦੇਵੇਗਾ। ਫਿਰ ਉਸ ਲਈ ਖ਼ਾਸ ਬਿਸਤਰਾ ਵਿਛਾਇਆ ਜਾਵੇਗਾ ਤੇ ਉਸ ਨੂੰ ਪੀਣ ਲਈ ਦੁੱਧ ਵੀ ਥੋੜ੍ਹਾ ਵੱਧ ਮਿਲੇਗਾ। ਪਰ ਉਹ ਅੱਧਾ ਪੀ ਕੇ ਬਾਕੀ ਛੋਟੇ ਭਰਾ ਨੂੰ ਫੜਾ ਦੇਵੇਗਾ। ਬੇਬੇ ਉਸ ਨੂੰ ਟੋਕੇਗੀ, "ਇਹ ਤਾਂ ਸਾਰਾ ਦਿਨ ਖਾਂਦਾ ਪੀਂਦਾ ਨਹੀਂ ਥੱਕਦਾ, ਇਹਨੂੰ ਕਾਹਨੂੰ ਫੜਾ ਤਾ ਦੁੱਧ!"

"ਓ ਚੱਲ, ਕੋਈ ਨੀ, ਬੇਬੇ! ਜੇ ਖਾਊ-ਪੀਊ, ਤਾਂ ਹੀ ਤਕੜਾ ਹੋਊ!"

ਤੇ ਫਿਰ ਜੇ ਛੋਟਿਆਂ ਵਿੱਚੋਂ ਕਿਸੇ ਨੇ ਸ਼ਰਾਰਤ ਕੀਤੀ ਤਾਂ ਬੇਬੇ ਉਸ ਕੋਲ ਉਹਨਾਂ ਦੀ ਸ਼ਿਕਾਇਤ ਕਰੇਗੀ ਅਤੇ ਉਸ ਦੀ ਇੱਕ ਝਿੜਕ ਨਾਲ ਉਹ ਟਿਕ ਕੇ ਬੈਠ ਜਾਣਗੇ।

ਗਲੀ ਦੇ ਸਿਰੇ ਤੋਂ ਹੀ ਅਪਣੇ ਘਰ ਦਾ ਗੇਟ ਦਿਸਦਿਆਂ ਜੱਗੀ ਦੇ ਕਦਮ ਕਾਹਲੇ ਹੋ ਗਏ। ਤੁਰੇ ਜਾਂਦਿਆਂ ਉਸ ਨੇ ਅਪਣਾ ਹੱਥ ਖੀਸੇ ਵਿੱਚ ਪਾਇਆ, ਪਰ

ਉਸ ਦੀਆਂ ਅੱਖਾਂ ਅਤੇ ਮੂੰਹ ਅੱਡੇ ਰਹਿ ਗਏ ਤੇ ਉਸਦੇ ਦਿਲ ਦੀ ਧੜਕਨ ਤੇਜ਼ ਹੋ ਗਈ।

ਉਸਦਾ ਹੱਥ ਫਟੇ ਹੋਏ ਖੀਸੇ ਦੇ ਪਾਰ ਲੰਘ ਗਿਆ ਸੀ। ਪੈਸੇ ਪਾਉਣ ਲੱਗਿਆਂ ਉਸਨੂੰ ਖੀਸੇ ਦੇ ਫਟੇ ਹੋਣ ਦਾ ਧਿਆਨ ਹੀ ਨਹੀਂ ਰਿਹਾ ਸੀ।

ਸਾਰੀ ਗੱਲ ਸਮਝ ਆ ਜਾਣ ਦੇ ਬਾਵਜੂਦ ਵੀ ਉਹ ਵਾਰ-ਵਾਰ ਖੀਸੇ ਵਿੱਚ ਹੱਥ ਮਾਰਦਾ ਰਿਹਾ। ਉਸਨੇ ਸਾਰੇ ਕੁੜਤੇ ਨੂੰ ਫਰੋਲ ਛੱਡਿਆ।

ਜ਼ਮੀਨ ਤੇ ਨਿਗ੍ਹਾ ਮਾਰਦਿਆਂ ਉਹ ਗਲੀ ਦੇ ਮੋੜ ਤੱਕ ਗਿਆ। ਪਰ ਫਿਰ ਵਾਪਸ ਮੁੜ ਆਇਆ। ਉਸਨੂੰ ਪਤਾ ਸੀ ਕਿ ਹੁਣ ਪੈਸੇ ਨਹੀਂ ਸਨ ਲੱਭਣੇ।

ਉਸਨੂੰ ਅਪਣੇ ਸ਼ਰੀਰ ਦੇ ਕੱਪੜਿਆਂ ਵਿੱਚੋਂ ਭੈੜੀ ਜਿਹੀ ਬਦਬੂ ਆਈ ਜੋ ਉਸ ਨੂੰ ਖੇਡਣ ਤੋਂ ਬਾਅਦ ਆਪਣੇ ਪਸੀਨੇ 'ਚੋਂ ਆਇਆ ਕਰਦੀ ਸੀ।

# ਤੁਰ੍ਹਲੇ ਵਾਲੀ ਪੱਗ

ਦੇਹਲੀ ਅੰਦਰ ਪੈਰ ਧਰਨ ਲੱਗਿਆ ਜਨਕ ਰਾਜ ਨੂੰ ਆਪਣਾ ਪੈਰ ਕਿਸੇ ਭਾਰੀ ਪੱਥਰ ਨਾਲ ਬੰਨ੍ਹਿਆ ਮਹਿਸੂਸ ਹੋਇਆ। ਕਦੇ ਉਹ ਇਹਨਾਂ ਦੇਹਲੀਆਂ ਨੂੰ ਅਚੇਤ ਹੀ ਟੱਪ ਜਾਇਆ ਕਰਦਾ ਸੀ।

ਸਾਹਮਣੇ ਵਿਹੜੇ ਵਿੱਚ ਮੰਜੇ ਤੇ ਪਿਆ ਕੋਈ ਸੂਰਜ ਦੀ ਨਿੱਘੀ ਧੁੱਪ ਮਾਣ ਰਿਹਾ ਸੀ। ਸਿੱਧੀ ਧੁੱਪ ਤੋਂ ਬਚਾਉਣ ਲਈ ਚਿਹਰੇ ਤੇ ਪਤਲਾ ਜਿਹਾ ਕੱਪੜਾ ਲਿਆ ਹੋਇਆ ਸੀ।

"ਸ਼ਾਇਦ ਬੀ-ਜੀ ਹੀ ਹੋਵੇ!"

ਜਨਕ ਰਾਜ ਪਾਸੇ ਪਈ ਕੁਰਸੀ ਨੂੰ ਮੰਜੇ ਕੋਲ ਖਿਸਕਾ ਉਸ ਤੇ ਬੈਠ ਗਿਆ। ਉਸ ਨੇ ਆਪਣੇ ਅੰਦਰ ਪੱਕੀਆਂ ਕੀਤੀਆਂ ਗੱਲਾਂ ਨੂੰ ਫਿਰ ਦੁਹਰਾਇਆ।

ਹਾਲੀਂ ਉਹ ਸੋਚ ਹੀ ਰਿਹਾ ਸੀ ਕਿ ਗੱਲ ਕਿਵੇਂ ਸ਼ੁਰੂ ਕਰੇ ਕਿ ਕੱਪੜੇ ਪਿੱਛੇ ਬੰਦ ਅੱਖਾਂ ਖੁੱਲ੍ਹ ਕੇ ਝਪਕੀਆਂ। ਅਚਾਨਕ ਚਿਹਰੇ ਤੋਂ ਕੱਪੜਾ ਲਾਹ ਕੇ ਬੀ-ਜੀ ਨੇ ਪਛਾਨਣ ਦਾ ਯਤਨ ਕੀਤਾ, ਤੇ ਫਿਰ ਉਹ ਇਕ ਦਮ ਬੈਠੀ ਹੋ ਗਈ।

ਜਨਕੇ ਨੂੰ ਮਨ ਵਿੱਚ ਰੱਟੀਆਂ ਸਾਰੀਆਂ ਗੱਲਾਂ ਭੁੱਲ ਗਈਆਂ, ਤੇ ਅਚਾਨਕ ਉਸ ਅੰਦਰ ਅਜਿਹਾ ਵੇਗ ਉੱਠਿਆ ਕਿ ਉਹ ਬੀ-ਜੀ ਦੇ ਪੈਰਾਂ ਤੇ ਡਿੱਗ ਪਿਆ। ਬੀ-ਜੀ ਨੇ ਵੀ ਗੋਦ ਵਿੱਚ ਲੈਣ ਵਾਂਗ ਉਸ ਦੁਆਲੇ ਬਾਹਾਂ ਵਲ ਲਈਆਂ। ਜਨਕੇ ਅੰਦਰ ਲੱਗਿਆ ਬੰਨ੍ਹ ਟੁੱਟ ਗਿਆ, ਤੇ ਉਸ ਦਾ ਰੋਣਾ ਵਧਦਾ-ਵਧਦਾ ਹਉਕੇ ਭਰੀਆਂ ਕੂਕਾਂ ਵਿੱਚ ਬਦਲ ਗਿਆ।

ਬੀ-ਜੀ ਦੀਆਂ ਅੱਖਾਂ ਵਿੱਚੋਂ ਵੀ ਜ਼ਾਰੋ-ਜ਼ਾਰ ਅੱਥਰੂ ਨਿਕਲ ਪਏ।

ਜਨਕ ਰਾਜ ਨੇ ਆਪਣੇ ਆਪ ਨੂੰ ਸੰਭਾਲ ਕੇ ਕੁੱਝ ਕਹਿਣ ਦੀ ਕੋਸ਼ਿਸ਼ ਕੀਤੀ, ਪਰ ਉਸ ਤੋਂ ਆਪਣੇ ਅੰਦਰਲਾ ਵਹਾਉ ਥੰਮ੍ਹ ਨਹੀਂ ਸੀ ਹੁੰਦਾ। ਉਹ ਜਦੋਂ ਵੀ ਬੋਲਣ ਦੀ ਕੋਸ਼ਿਸ਼ ਕਰਦਾ, ਉਸ ਦੇ ਅੰਦਰੋਂ ਕੂਕ ਨਿਕਲ ਜਾਂਦੀ।

ਜਦੋਂ ਉਹ ਕੁੱਝ ਸੰਭਲਿਆਂ ਤਾਂ ਉਹ ਬੀ-ਜੀ ਦੇ ਪੈਰਾਂ 'ਚੋਂ ਉੱਠ ਕੇ ਕੁਰਸੀ ਤੇ ਬੈਠ ਗਿਆ।

ਜਦੋਂ ਮਾਹੌਲ ਕੁਝ ਸੁਖਾਵਾਂ ਹੋਇਆ ਤਾਂ ਜਨਕੇ ਨੇ ਕਾਰਡ ਬੀ-ਜੀ ਅੱਗੇ ਕਰ ਦਿੱਤਾ।

"ਕੀ ਐ ਇਹ?" ਬੀ-ਜੀ ਨੇ ਕਾਰਡ ਵੱਲ ਹੈਰਾਨੀ ਨਾਲ ਵੇਖਦਿਆਂ ਪੁੱਛਿਆ।

"ਕਾਟ ਐ। ਤੇਰੇ ਮ੍ਹੇਸ਼ੀ ਨੇ ਜੰਨ ਚੜ੍ਹਨੈ! ਰੁੱਸਿਆ ਬੈਠੈ! ਕਹਿੰਦਾ ਦਾਦੇ-ਦਾਦੀ ਤੇ ਚਾਚੇ-ਚਾਚੀ ਤੋਂ ਬਗੈਰ ਮੈਂ ਘੋੜੀ ਨ੍ਹੀ ਚੜ੍ਹਨਾ!"

"ਕਦੋਂ ਐ ?"

"ਕੱਲ੍ਹ ਨੂੰ।"

"ਤੂੰ ਸਾਨੂੰ ਅੱਜ ਦੱਸਦੈਂ!"

"ਬੱਸ!! ...." ਜਨਕ ਰਾਜ ਦੀਆਂ ਫਿਰ ਸਿਸਕੀਆਂ ਨਿਕਲ ਗਈਆਂ। ਬੇਬੇ ਨੇ ਉਸ ਨੂੰ ਚੁੱਪ ਕਰਵਾਉਣ ਲਈ ਉਸ ਦਾ ਗੋਡਾ ਫੜ ਕੇ ਹਲੂਣਿਆ, ਜਿਵੇਂ ਕਹਿ ਰਹੀ ਹੋਵੇ, "ਚੁੱਪ ਕਰ! ਕੋਈ ਗੱਲ ਨ੍ਹੀ!"

ਕਾਫੀ ਦੇਰ ਦੋਵੇਂ ਉਸੇ ਤਰ੍ਹਾਂ ਬੈਠੇ ਰਹੇ। ਕਿਸੇ ਕੋਲੋਂ ਕੋਈ ਗੱਲ ਨਾ ਹੋ ਸਕੀ। ਆਖਿਰ ਜਨਕ ਰਾਜ ਬੋਲਿਆ, "ਚੰਗਾ! ਆ ਜਿਉ ਜ਼ਰੂਰ! ...," ਤੇ ਉਸ ਨੇ ਨਿਕਲਦੇ ਹਉਕੇ ਬੜੇ ਔਖੇ ਰੋਕੇ।

ਅਚਾਨਕ ਹੀ ਉਹ ਉੱਠਿਆ ਤੇ ਤੇਜ਼-ਤੇਜ਼ ਗੇਟ ਵੱਲ ਤੁਰ ਪਿਆ। ਬੀ-ਜੀ ਨੂੰ ਕੁਝ ਨਾ ਸੁੱਝਿਆ ਕਿ ਉਹ ਕੀ ਆਖੇ।

ਜਨਕ ਰਾਜ ਦੇ ਜਾਣ ਤੋਂ ਬਾਅਦ ਭਾਪਾ ਡੰਗਰਾਂ ਵਾਲੇ ਵਾੜੇ ਵਿੱਚੋਂ ਪਰਨੇ ਦੇ ਲੜ ਨਾਲ ਅੱਖਾਂ ਪੂੰਝਦਾ ਬਾਹਰ ਆਇਆ।

"ਕੀ ਕਹਿੰਦਾ ਤੀ ?"

ਬੀ-ਜੀ ਨੇ ਕਾਰਡ ਭਾਪੇ ਅੱਗੇ ਕਰ ਦਿੱਤਾ, "ਤੇਰੇ ਪੋਤੇ ਦਾ ਵਿਆਹ ਐ।"

"ਜਾਵੇਂਗੀ ?"

ਬੀ-ਜੀ ਨੇ ਕੋਈ ਜਵਾਬ ਨਾ ਦਿੱਤਾ।

ਭਾਪਾ ਵਗੈਰ ਇਸ ਦੀ ਪਰਵਾਹ ਕਰਦਿਆਂ ਬੋਲਿਆ, "ਊਂ, ਜਾਣ ਨੂੰ ਤਾਂ ਸਹੁਰਾ ਮਨ ਕਿਹੜਾ ਖੜ੍ਹਦੈ! ਪਰ ਲੋਕ-ਲਾਜ ਮਾਰਦੀ ਐ! ਹੁਣ ਜਿਹੜੇ ਬੰਦੇ ਆਪਣੇ ਕਰਕੇ ਇਹਦੇ ਤੋਂ ਟੁੱਟੇ ਨੇ, ਉਹ ਕੀ ਕਹਿਣਗੇ! ਅਖੇ, ਆਪ 'ਕੱਠੇ ਹੋ-ਗੇ ਤੇ ਸਾਨੂੰ ਬੁਰੇ ਪਵਾ 'ਤਾ! ਫੇਰ, ਨਾਲੇ, ਸਰੇਸ਼ ਨੇ ਕਿਹੜਾ ਮੰਨਣੈ!"

ਬੀ-ਜੀ ਬਿਨਾ ਕੁਝ ਬੋਲਿਆਂ ਪਹਿਲਾਂ ਵਾਂਗ ਕੱਪੜਾ ਚਿਹਰੇ ਤੇ ਰੱਖ ਕੇ ਪੈ ਗਈ।

ਭਾਪਾ ਵੀ ਚੁੱਪ-ਚਾਪ ਅੱਖਾਂ ਪੂੰਝਦਿਆਂ ਕਾਰਡ ਫੜੀ ਡੰਗਰਾਂ ਵਾਲੇ ਪਾਸੇ ਤੁਰ ਪਿਆ।

ਸ਼ਾਮੀਂ, ਸੁਰੇਸ਼ ਕੁਮਾਰ, ਉਹਦੀ ਘਰਵਾਲੀ ਤੇ ਬੱਚਿਆਂ ਦੇ ਸ਼ਹਿਰੋਂ ਮੁੜਨ ਪਿੱਛੋਂ ਜਦੋਂ ਸਾਰਾ ਟੱਬਰ ਅੰਗੀਠੀ ਦੁਆਲੇ ਮੰਜਿਆਂ ਤੇ ਇਕੱਠਾ ਹੋਇਆ ਬੈਠਾ ਸੀ ਤਾਂ ਬੀ-ਜੀ ਨੇ ਮੌਕਾ ਜਿਹਾ ਬਚਾ ਕੇ ਗੱਲ ਸ਼ੁਰੂ ਕੀਤੀ।

"ਅੱਜ ਜਨਕਾ ਆਇਆ ਤੀ," ਬੀ-ਜੀ ਨੀਵੀਂ ਪਾਈ ਮੰਜੇ ਦੀ ਦੌਣ ਨੂੰ ਛੇੜਦਿਆਂ ਬੋਲੀ।

"ਫੇਰ, ਕੀ ਕਹਿੰਦਾ ਤੀ ?" ਸੁਰੇਸ਼ ਨੇ ਬੀ-ਜੀ ਵੱਲ ਧਿਆਨ ਲਾ ਕੇ ਉਤਸੁਕਤਾ ਨਾਲ ਪੁੱਛਿਆ।

"ਕਹਿੰਦਾ ਤਾਂ ਕੁਸ਼ ਨੀ ਤੀ! ਬੱਸ, ਮ੍ਰੇਸ਼ੀ ਦੇ ਵਿਆਹ ਦਾ ਕਾਟ ਦੇ ਗਿਆ। ਅਖੇ, ਥੋਡ ਬਗੈਰ ਮੁੰਡੇ ਨੇ ਘੋੜੀ ਨ੍ਹੀ ਚੜ੍ਹਨਾ!"

"ਨਾਂਹ, ਉਦੋਂ ਤਾਂ ਮੁੰਡੇ ਨੇ ਨਾਂਹ ਨੀ ਕੀਤੀ, ਜਦੋਂ ਇਹਨਾਂ ਨੇ ਵਿਆਹ ਬੰਨ੍ਹਿਆ ਤੀ! ... ਉਦੋਂ ਤਾਂ ਮੁੰਡਾ ਵੀ ਛਾਲਾਂ ਮਾਰਦਾ ਤੀ, ਜਦੋਂ ਟੱਬਰ ਨੂੰ ਛੱਡ ਕੇ ਸ਼ਹਿਰ ਜਾ ਵੜਿਆ! ਅਖੇ, ਪਿੰਡ ਦੀ ਹੱਟੀ 'ਚੋਂ ਮੇਰੇ ਟੱਬਰ ਦਾ ਕੀ ਬਣੂੰ!"

"ਅੱਜ-ਕੱਲ੍ਹ ਹੱਟੀਆਂ 'ਚੋਂ ਪੂਰੀਆਂ ਵੀ ਕਿੱਥੋਂ ਪੈਂਦੀਆਂ ਨੇ! ... ਹਰੇਕ ਕੋਈ ਤਾਂ ਸ਼ਹਿਰ ਨੂੰ ਭੱਜਦੈ, ਸੌਦੇ ਨੂੰ! ...ਹੁਣ ਤਾਂ ਪਿੰਡਾਂ 'ਚ ਵੀ ਕੰਪਨੀਆਂ ਸ਼ੋਅ-ਰੂਮ ਖੋਲ੍ਹੀ ਜਾਂਦੀਆਂ ਨੇ, ਦੱਸ!"

"ਫੇਰ, ਸਾਨੂੰ ਮਰਨ ਨੂੰ ਛੱਡ ਕੇ ਤੁਰ ਗਿਆ ਸ਼ਹਿਰ! ...ਸ਼ੋਅ-ਰੂਮ ਦੀ ਚਾਕਰੀ ਮਨਜੂਰ ਕਰ-ਲੀ, ਹੱਟੀ ਦੀ ਮਾਲਕੀ ਛੱਡ ਕੇ, ਬਾਹਲੇ ਸਿਆਣੇ ਨੇ!"

"ਊਂ, ਚਾਹੇ ਕੁਸ਼ ਵੀ ਐ, ਉਹਨੂੰ ਪਛਤਾਵਾ ਬਹੁਤ ਹੋਇਆ ਵਿਐ! ਸਹੁਰੇ ਤੋਂ ਗੱਲ ਵੀ ਨੀ ਹੋ ਸਕੀ! ਬੱਸ, ਰੋਈ ਗਿਐ!" ਭਾਪੇ ਨੇ ਵੀ ਦਬੀ ਜੀਭ ਨਾਲ ਵਿਆਹ ਜਾਣ ਦੇ ਹੱਕ ਵਿੱਚ ਰਾਇ ਦੇ ਦਿੱਤੀ।

"ਦੇਖੋ, ਭਾਪਾ! ਗੱਲ ਆਏਂ ਐ, ਬਈ, ਪਿੰਡ ਆਲੇ ਆਪਣੇ ਕਰਕੇ ਉਹਨੂੰ ਬਲੌਣੋ-ਚਲੌਣੋਂ ਹਟੇ ਨੇ! ਉਹ ਸਾਰੇ ਆਪਣੇ ਤੇ ਥੂਹ-ਥੂਹ ਕਰਨਗੇ! ਉਹਨਾਂ ਦੀ ਕਿਹੜਾ ਉਹਦੇ ਨਾਲ ਦੁਸ਼ਮਣੀ ਤੀ ਕੋਈ! ਆਪਣੇ ਕਰਕੇ ਈ ਹਟੇ ਨੇ ਸਾਰੇ!" ਸੁਰੇਸ਼ ਨੇ ਸਮਝਾਉਣ ਵਾਲੇ ਲਹਿਜੇ 'ਚ ਕਿਹਾ।

"ਚੱਲ, ਜੇ ਮੈਂ ਤੇ ਤੇਰਾ ਭਾਪਾ ਜਾ ਆਈਏ, ਤਾਂ ਕੀ ਐ!" ਬੀ-ਜੀ ਅੰਦਰਲੀ ਇੱਛਾ ਬਹੁਤ ਪ੍ਰਬਲ ਸੀ। ਉਸ ਕੋਲ ਸੁਰੇਸ਼ ਦੀ ਦਲੀਲ ਦੇ ਜਵਾਬ ਵਿੱਚ ਕੋਈ ਦਲੀਲ ਨਹੀਂ ਸੀ। ਸਿਰਫ਼ ਮਾਂ ਦੀ ਮਮਤਾ ਹੀ ਸੀ ਅਤੇ ਇਸਦੇ ਅੱਗੇ ਸੁਰੇਸ਼ ਬੇਬਸ ਜਿਹਾ ਜਾਪਿਆ।

"ਮਰਜੀ ਐ ਥੋਡੀ! ਆਪਾਂ ਤਾਂ ਉਸ ਦਾ ਵਰਕਾ ਈ ਪਾੜ 'ਤਾ! ਜੇ ਤੁਸੀਂ ਜਾਣੈ ਤਾਂ ਜਾ ਆਉ!" ਸੁਰੇਸ਼ ਨਾਰਾਜ਼ਗੀ ਜਿਹੀ ਨਾਲ ਕਹਿ ਕੇ ਮੰਜੇ ਤੋਂ ਉੱਠਿਆ, ਤੇ ਜੁੱਤੀ ਪਾ ਕੇ ਬਾਹਰ ਵੱਲ ਨੂੰ ਤੁਰ ਪਿਆ।

ਉਸ ਦੀ ਘਰਵਾਲੀ ਕੁਝ ਬੁੜਬੁੜਾਉਂਦੀ ਹੋਈ ਰਸੋਈ ਵੱਲ ਤੁਰ ਗਈ।

ਬੀ-ਜੀ ਨੂੰ ਉਹਨਾਂ ਦੇ ਗੁੱਸੇ ਦੀ ਕੋਈ ਪ੍ਰਵਾਹ ਨਹੀਂ ਸੀ। ਉਸ ਲਈ ਸੁਰੇਸ਼ ਦੀ ਨਾਰਾਜ਼ਗੀ ਨਾਲ ਦਿੱਤੀ ਇਜਾਜ਼ਤ ਹੀ ਕਾਫੀ ਸੀ।

ਸਵੇਰੇ, ਜਾਣ ਵੇਲੇ, ਬੀ-ਜੀ ਨੇ ਨਵਾਂ ਸੂਟ ਪਾਇਆ, ਤੇ ਹੱਥ ਵਿੱਚ ਨਵਾਂ ਚਿੱਟਾ ਝੋਲਾ ਫੜ ਲਿਆ।

ਕੁੜਤਾ-ਪਜਾਮਾ ਤਾਂ ਭਾਪੇ ਨੇ ਵੀ ਨਵਾਂ ਪਾਇਆ ਸੀ। ਪੱਗ ਵੀ ਨਵੀਂ ਗੁਲਾਬੀ ਰੰਗ ਦੀ ਬੰਨ੍ਹੀ ਸੀ। ਪਰ ਉਸ ਨੇ ਪੱਗ ਤੇ ਤੁਰ੍ਹਲਾ ਨਹੀਂ ਸੀ ਕੱਢਿਆ ਅਤੇ ਨਾ ਹੀ ਉਸ ਦੀ ਛਾਤੀ ਫੁੱਲੀ ਹੋਈ ਸੀ, ਜਿਵੇਂ ਕਿ ਖ਼ਾਸ ਖ਼ੁਸ਼ੀ ਦੇ ਮੌਕਿਆਂ ਤੇ ਹੁੰਦਾ ਸੀ।

ਅੱਡੇ ਵੱਲ ਤੁਰੇ ਜਾਂਦਿਆਂ ਭਾਪੇ ਦਾ ਡਰ ਉਸ ਦੀ ਦਬੀ ਜ਼ਬਾਨ 'ਤੇ ਆ ਗਿਆ, "ਊਂ! ਹੈ ਤਾਂ ਇਹ ਗਲਤ ਈ! ਜਦ ਲੋਕਾਂ ਨੂੰ ਪਤਾ ਲੱਗੂ ਤਾਂ ਬਦਨਾਮੀ ਬਹੁਤ ਹੋਊ!"

"ਬਦਨਾਮੀ ਨੂੰ ਕੀ ਤੂੰ ਚੋਰੀ-ਡਾਕਾ ਮਾਰਨ ਚੱਲਿਐਂ!!" ਬੀ-ਜੀ ਨੇ ਕੜਕ ਕੇ ਕਿਹਾ, "ਉਹ ਵੀ ਤਾਂ ਢਿੱਡੋਂ ਜੰਮਿਐ, ਕੋਈ ਸਿੱਟਿਆ ਤਾਂ ਨ੍ਹੀਂ! ਆਪਣੀ ਆਹੀ-ਤਾਹੀ ਕਰੌਣ ਲੋਕ!!"

ਬੀ-ਜੀ ਦੀ ਝਾੜ-ਝੰਬ ਸੁਣ ਕੇ ਭਾਪੇ ਅੰਦਰਲੇ ਮਰਦ ਨੂੰ ਸੱਟ ਲੱਗੀ।

ਥੋੜ੍ਹੀ ਦੇਰ ਬਾਅਦ ਭਾਪੇ ਨੇ ਪੱਗ ਦਾ ਤੁਰ੍ਹਲਾ ਕੱਢ ਲਿਆ। ਹੁਣ ਉਸ ਦੀ ਛਾਤੀ ਵੀ ਫੁੱਲੀ ਹੋਈ ਸੀ, ਜਿਵੇਂ ਕਿ ਖ਼ਾਸ ਖ਼ੁਸ਼ੀ ਦੇ ਮੌਕਿਆਂ ਤੇ ਹੁੰਦਾ ਸੀ।

# ਛੁਪਿਆ ਰੁਸਤਮ

ਦੂਰੋਂ ਆਉਂਦੀ ਚਿੱਟੀ ਮਾਰੂਤੀ ਦੇਖਦਿਆਂ ਹੀ ਕੁਹਾੜਿਆਂ ਦੀ ਟੱਕ-ਟੱਕ ਹੋਰ ਤੇਜ਼ ਹੋ ਗਈ।

ਕਾਰ ਡਿੱਗੇ ਪਏ ਸਫੈਦਿਆਂ ਦੇ ਵਿਚਕਾਰ ਆ ਕੇ ਰੁਕ ਗਈ।

ਡਰਾਇਵਰ ਦੇ ਨਾਲ ਦੀ ਸੀਟ ਤੋਂ ਬਾਬੂ ਚੇਤ ਰਾਮ ਬਾਹਰ ਨਿਕਲਿਆ।

ਡਰਾਇਵਰ ਸੀਟ ਤੇ ਬੈਠਾ ਨੌਜਵਾਨ ਮੁੰਡਾ ਕਾਰ ਅੰਦਰ ਹੀ ਸ਼ੀਸ਼ੇ ਵੱਲ ਦੇਖ ਕੇ ਆਪਣੇ ਵਾਲ ਠੀਕ ਕਰਨ ਲੱਗ ਪਿਆ। ਉਸਦੇ ਬੈਠੇ ਰਹਿਣ ਦੇ ਅੰਦਾਜ਼ ਤੋਂ ਸਾਫ ਪਤਾ ਲੱਗਦਾ ਸੀ ਕਿ ਉਸਦਾ ਕਾਰ ਵਿੱਚੋਂ ਉਤਰਨ ਦਾ ਕੋਈ ਇਰਾਦਾ ਨਹੀਂ ਸੀ।

ਪਿੱਠ ਪਿੱਛੇ ਹੱਥ 'ਚ ਹੱਥ ਫਸਾਈ ਬਾਬੂ ਚੇਤ ਰਾਮ ਨੇ ਇੱਕ ਡੂੰਘੀ ਨਿਗ੍ਹਾ ਕੁਹਾੜੇ ਚਲਾਉਂਦੇ ਮਜ਼ਦੂਰਾਂ ਅਤੇ ਵੱਢੇ ਪਏ ਦਰਖਤਾਂ ਉੱਤੇ ਮਾਰੀ।

"ਹਾਂ, ਬਈ, ਠੀਕ-ਠਾਕ ਚੱਲ ਰਿਹੈ ਸਭ ਕੁਸ਼ ?" ਸੱਜੇ ਪੈਰ ਨਾਲ ਡਿੱਗੇ ਪਏ ਦਰਖਤ ਦੀ ਟਾਹਣੀ ਨੂੰ ਛੇੜਦਿਆਂ ਬਾਬੂ ਨੇ ਪੁੱਛਿਆ।

"ਹਾਂ ਜੀ!" ਕੁਹਾੜੀ ਚਲਾਉਂਦਿਆਂ ਜੈਲੇ ਨੇ ਸੰਖੇਪ ਜਿਹਾ ਉੱਤਰ ਦਿੱਤਾ। ਅਸਲ ਵਿੱਚ ਸਾਰੇ ਮਜ਼ਦੂਰ ਕੰਮ ਵਿੱਚ ਰੁੱਝੇ ਹੋਣ ਦਾ ਦਿਖਾਵਾ ਕਰ ਰਹੇ ਸਨ।

ਆਲੇ-ਦੁਆਲੇ ਧਿਆਨ ਮਾਰਦਿਆਂ ਬਾਬੂ ਚੇਤ ਰਾਮ ਦਰਖਤਾਂ ਦੇ ਪਿਛਲੇ ਪਾਸੇ ਬਣੀ ਕੋਠੀ ਅੰਦਰ ਚਲਾ ਗਿਆ। ਇਸੇ ਕੋਠੀ ਦੇ ਮਾਲਕ ਤੋਂ ਉਸਨੇ ਇਹ ਦਰਖਤ ਖਰੀਦੇ ਸਨ।

ਕਾਰ ਵਿੱਚੋਂ ਉੱਤਰ ਕੇ ਨੌਜਵਾਨ ਮੁੰਡਾ ਵੀ ਮਗਰੇ ਹੀ ਤੁਰ ਪਿਆ।

"ਬਾਬੂ ਜੀ! ਨਮਸਤੇ ਜੀ!" ਕੋਲੋਂ ਲੰਘਦੇ ਮੁੰਡੇ ਵੱਲ ਜੈਲਾ ਕੁਹਾੜੀ ਛੱਡ ਕੇ ਬੜੇ ਤਪਾਕ ਨਾਲ ਸੰਬੋਧਿਤ ਹੋਇਆ।

"ਨਮਸਤੇ!" ਬੇਧਿਆਨੀ ਨਾਲ ਰੁੱਖਾ ਜਿਹਾ ਜਵਾਬ ਦੇ ਕੇ ਮੁੰਡਾ ਕੋਠੀ ਵੱਲ ਲੰਘ ਗਿਆ।

"ਇਹ ਬਾਬੂ ਜੀ ਦਾ ਬੜਾ ਮੁੰਡਾ ਨੀ, ਭਲਾਂ ?" ਜੈਲੇ ਨੇ ਪਤਾ ਨਹੀਂ ਕਿਸ ਤੋਂ ਪੁੱਛਿਆ ਸੀ।

ਫਿਰ, ਬਿਨਾ ਕਿਸੇ ਦੇ ਉੱਤਰ ਦੀ ਆਸ ਕੀਤੇ ਆਪ ਹੀ ਬੋਲਿਆ, "ਦੇਖ ਲੈ, ਇਹ ਮੁੰਡਾ ਜਮ੍ਹੀਂ ਏਨਾ ਕੁ ਹੁੰਦਾ ਤੀ!" ਜੈਲੇ ਨੇ ਲੱਕ ਤੋਂ ਹੇਠਾਂ ਤੱਕ ਹੱਥ ਕਰਕੇ ਸਮਝਾਇਆ, "ਹੁਣ ਤਾਂ ਸੁੱਖ ਨਾਲ ਗੱਭਰੂ ਹੋ ਗਿਆ!"

"ਲੈ, ਹੋ ਗਿਆ ਸ਼ੁਰੂ!" ਨਛੱਤਰ ਮਨ ਹੀ ਮਨ ਮੁਸਕਰਾਇਆ।

ਨਛੱਤਰ ਨੂੰ ਜੈਲਾ ਤੇ ਬੁੱਧੂ ਦੋਵੇਂ ਇਹਨਾਂ ਗੱਲਾਂ ਕਰਕੇ ਹੀ ਚੰਗੇ ਨਹੀਂ ਸੀ

ਲੱਗਦੇ। ਉਸਦੇ ਮਨ ਵਿੱਚ ਉਹਨਾਂ ਪ੍ਰਤੀ ਇਹੋ ਸ਼ਿਕਾਇਤ ਰਹਿੰਦੀ ਸੀ ਕਿ ਉਹ ਹਮੇਸ਼ਾ ਬਾਬੂ ਬਾਰੇ ਹੀ ਕਿਉਂ ਗੱਲਾਂ ਕਰਦੇ ਸਨ, ਆਪਣੇ ਬਾਰੇ ਕਿਉਂ ਨਹੀਂ ਕਰਦੇ। ਇਸੇ ਕਰਕੇ ਉਸਨੂੰ ਬਾਬੂ ਚੇਤ ਰਾਮ ਪ੍ਰਤੀ ਕੁਝ ਤਲਖ਼ੀ ਜਿਹੀ ਹੋ ਗਈ ਸੀ।

ਜੈਲਾ, ਬਾਬੂ ਚੇਤ ਰਾਮ ਦੀ 'ਲੇਬਰ' ਵਿੱਚ ਬਹੁਤ ਪੁਰਾਣਾ ਕੰਮ ਕਰਦਾ ਸੀ। ਉਹ ਹਮੇਸ਼ਾ ਹੀ ਬਾਬੂ ਦੇ ਪਿਛੋਕੜ ਨਾਲ ਆਪਣੇ ਸੰਬੰਧਾਂ ਬਾਰੇ ਦੱਸਦਾ ਰਹਿੰਦਾ ਸੀ। ਬੁੱਧੂ ਵੀ ਕੋਈ ਮੌਕਾ ਨਹੀਂ ਸੀ ਖੁੰਝਣ ਦਿੰਦਾ। ਭਾਵੇਂ ਜੈਲੇ ਜਿੰਨਾ ਪੁਰਾਣਾ ਨਾ ਹੋਣ ਕਰਕੇ ਉਹ ਬਾਬੂ ਦੇ ਪਿਛੋਕੜ ਬਾਰੇ ਜ਼ਿਆਦਾ ਨਹੀਂ ਸੀ ਜਾਣਦਾ, ਪਰ ਉਹ ਲੋਕਾਂ ਤੋਂ ਸੁਣੀਆਂ ਗੱਲਾਂ ਨਾਲ ਇਸਦੀ ਪੂਰਤੀ ਕਰ ਲੈਂਦਾ ਸੀ।

ਹਰ ਕੋਈ ਜਾਣਦਾ ਸੀ ਕਿ ਸੁਣਾਉਣ ਵਾਲੇ ਨੇ ਗੱਲ ਕਿੰਨੀ ਵਧਾਈ-ਚੜ੍ਹਾਈ ਹੋਈ ਹੈ, ਪਰ ਫਿਰ ਵੀ ਉਹ ਉਹਨਾਂ ਗੱਲਾਂ ਨੂੰ ਬੇਧਿਆਨੀ ਨਾਲ ਕੋਰੇ ਸੱਚ ਵਾਂਗ ਪ੍ਰਵਾਨ ਕਰ ਲੈਂਦੇ ਸਨ। ਆਪਣੀ ਗੱਲ ਸੁਣਾਉਣ ਲਈ ਦੂਜੇ ਦੀ ਗੱਲ ਧਿਆਨ ਨਾਲ ਸੁਣਨ ਦਾ ਨਾਟਕ ਵੀ ਕਰਨਾ ਹੀ ਪੈਂਦਾ ਸੀ। ਪਰ ਹਰ ਕੋਈ ਸੁਣਦਾ ਘੱਟ ਸੀ, ਸੁਣਾਉਂਦਾ ਵੱਧ ਸੀ।

ਇੱਕ ਸਿਰਫ਼ ਨਛੱਤਰ ਕੋਲ ਹੀ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਸੀ ਹੁੰਦੀ। ਅਸਲ ਵਿੱਚ ਉਸਨੂੰ ਇਸ 'ਲੇਬਰ' ਵਿੱਚ ਕੰਮ ਕਰਦੇ ਨੂੰ ਥੋੜ੍ਹੇ ਹੀ ਦਿਨ ਹੋਏ ਸਨ। ਜਦੋਂ ਤੋਂ ਇਹਨਾਂ ਸਫੈਦਿਆਂ ਦੀ ਕਟਾਈ ਸ਼ੁਰੂ ਹੋਈ ਸੀ, ਉਦੋਂ ਤੋਂ ਹੀ ਉਸਨੇ ਬਾਬੂ ਚੇਤ ਰਾਮ ਲਈ ਕੰਮ ਕਰਨਾ ਸ਼ੁਰੂ ਕੀਤਾ ਸੀ। ਬਾਬੂ ਨੇ ਉਸ ਨਾਲ ਕਦੇ ਕੋਈ ਖ਼ਾਸ ਗੱਲ ਨਹੀਂ ਸੀ ਕੀਤੀ। ਇਸੇ ਕਰਕੇ ਉਸ ਕੋਲ ਜੈਲੇ ਜਾਂ ਬੁੱਧੂ ਵਰਗੀਆਂ ਗੱਲਾਂ ਨਹੀਂ ਸਨ ਹੁੰਦੀਆਂ। ਉਸਨੂੰ ਲੱਗਦਾ ਸੀ ਕਿ ਜਿਵੇਂ ਉਹ ਦੋਵੇਂ ਇਹੋ ਜਿਹੀਆਂ ਗੱਲਾਂ ਕਰਕੇ ਆਪਣੇ ਆਪ ਨੂੰ 'ਉੱਚਾ' ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਸਨ। ਤਾਂ ਹੀ ਤਾਂ, ਕਈ ਵਾਰ ਜੈਲਾ ਬਾਕੀਆਂ ਨੂੰ ਕੰਮ ਲਈ ਘੂਰ ਵੀ ਦਿੰਦਾ ਸੀ। ਭਾਵੇਂ ਇਸ ਵਿੱਚ ਉਸਦੀ ਵੱਡੀ ਉਮਰ ਦਾ ਵੀ ਦਖ਼ਲ ਸੀ।

ਪਰ ਨਛੱਤਰ ਨੂੰ ਇਹਨਾਂ ਗੱਲਾਂ ਤੋਂ ਚਿੜ੍ਹ ਸੀ, "ਸਾਰਾ ਦਿਨ ਉਹੋ ਗੱਲਾਂ!"

ਇਸੇ ਕਰਕੇ ਕੰਮ ਪ੍ਰਤੀ ਉਸਦਾ ਉਤਸ਼ਾਹ ਘਟਦਾ ਜਾ ਰਿਹਾ ਸੀ। ਪਿਛਲੇ ਬਾਬੂ ਨਾਲ ਤਾਂ ਉਸਦੀ ਕਾਫ਼ੀ ਨੇੜਤਾ ਸੀ। ਉਸਦੇ ਕੋਲ ਉਹ ਬਹੁਤ ਪੁਰਾਣਾ ਕੰਮ ਕਰਦਾ ਸੀ। ਉਥੇ ਤਾਂ ਉਹ ਕਈ ਵਾਰ ਜੈਲੇ ਵਾਂਗ ਦੂਜੇ ਮਜ਼ਦੂਰਾਂ ਨੂੰ ਘੂਰ ਵੀ ਦਿੰਦਾ ਸੀ। ਉਸਦੀ ਇਸੇ ਆਦਤ ਕਰਕੇ ਕਈ ਨਵੇਂ ਮਜ਼ਦੂਰ ਕੰਮ ਹੀ ਛੱਡ ਜਾਂਦੇ ਸਨ।........

ਬਾਬੂ ਚੇਤ ਰਾਮ ਤੇ ਉਸਦਾ ਮੁੰਡਾ ਕੋਠੀ ਵਿੱਚੋਂ ਬਾਹਰ ਨਿਕਲੇ ਤਾਂ ਕੁਹਾੜਿਆਂ ਦੀ ਟੱਕ-ਟੱਕ ਇੱਕ ਵਾਰ ਫਿਰ ਤੇਜ਼ ਹੋ ਗਈ।

"ਹੋਰ ਫੇਰ, ਨਛੱਤਰਾ, ਕਿਮੇਂ ਐਂ ? ਕੋਈ ਔਖਿਆਈ ਤਾਂ ਨੀ ਐਥੇ ?"

ਬਾਬੂ ਦੀ ਆਵਾਜ਼ ਨੇ ਨਛੱਤਰ ਨੂੰ ਹਲੂਣ ਕੇ ਰੱਖ ਦਿੱਤਾ। ਉਸਨੇ ਮੂੰਹ ਉਤਾਂਹ ਚੁੱਕ ਕੇ ਦੇਖਿਆ, ਬਾਬੂ ਉਸੇ ਵੱਲ ਸੰਬੋਧਿਤ ਸੀ।

"ਹੈਂ ਜੀ ?...", ਗੱਲ ਇੱਕ ਪਲ ਰੁਕ ਕੇ ਨਛੱਤਰ ਦੇ ਦਿਮਾਗ਼ 'ਚ ਵੜੀ, "... ਹਾਂ ਜੀ, ਹਾਂ! ਕੋਈ ਔਖਿਆਈ ਨੀ, ਥੋਡੀ ਦਿਆ ਨਾਲ!" ਉਸਦੀ ਆਵਾਜ਼ ਆਦਰ ਨਾਲ ਭਿੱਜ ਕੇ ਪੇਤਲੀ ਹੋ ਗਈ। ਉਹ ਖ਼ੁਦ ਆਪਣੀ ਇਸ ਤਬਦੀਲੀ ਤੇ ਹੈਰਾਨ ਸੀ। ਉਸ ਅੰਦਰੋਂ ਬਾਬੂ ਪ੍ਰਤੀ ਸਾਰੀ ਤਲਖ਼ੀ ਜਾਂਦੀ ਰਹੀ ਸੀ।

ਬਾਬੂ ਤੇ ਮੁੰਡਾ ਚਲੇ ਗਏ। ਪਰ ਸਾਰਿਆਂ ਸਾਹਮਣੇ ਬਾਬੂ ਦਾ ਉਸਨੂੰ ਹਾਲ-ਚਾਲ ਪੁੱਛਣਾ ਨਛੱਤਰ ਨੂੰ ਹੁਲਾਰਾ ਜਿਹਾ ਦੇ ਗਿਆ, ਤੇ ਉਸਦੇ ਕੁਹਾੜੇ ਦੀ ਗਤੀ ਤੇਜ਼ ਹੋ ਗਈ।

ਨਛੱਤਰ ਦੇ ਹੱਥ-ਪੈਰ ਕਾਹਲੀ-ਕਾਹਲੀ ਚੱਲ ਰਹੇ ਸਨ। ਚਾਹ ਪੀਣ ਲੱਗਿਆਂ ਉਹ ਅੱਜ ਪਹਿਲਾਂ ਵਾਂਗ ਸੁਸਤ ਤੇ ਨੀਰਸ ਜਿਹਾ ਨਹੀਂ ਸੀ ਨਜ਼ਰ ਆਉਂਦਾ। ਬੜਾ ਚੁਸਤ ਤੇ ਤੇਜ਼ ਜਾਪਦਾ ਸੀ। ਇਹ ਦੇਖ ਕੇ ਜੈਲੇ ਤੋਂ ਰਹਿ ਨਾ ਹੋਇਆ ਤੇ ਉਸਨੇ ਪੁੱਛ ਹੀ ਲਿਆ, "ਉਏ, ਕੀ ਗੱਲ, ਨਛੱਤਰਾ! ਐਥੇ ਔਖ ਐ ਤੈਨੂੰ ਕੋਈ ? ਬਾਬੂ ਪੁੱਛਦਾ ਤੀ ਤੈਨੂੰ ?"

ਨਛੱਤਰ ਨੂੰ ਤਾਂ ਜਿਵੇਂ ਇਸੇ ਦੀ ਉਡੀਕ ਸੀ। "ਓ ਕਾਹਨੂੰ, ਜਾਰ...," ਉਸਨੇ ਮੂੰਹ ਜਿਹਾ ਬਣਾਇਆ, "...ਬਾਬੂ ਆਇਆ ਤੀ ਮੇਰੇ ਕੋਲ, ਕਹਿੰਦਾ ਮੈਨੂੰ ਬੰਦੇ ਦੀ ਲੋੜ ਐ। ਮੈਂ ਸਾਫ ਜੁਆਬ ਦੇ 'ਤਾ! ਮੈਂ ਕਿਹਾ, ਬਈ, ਦੇਖ! ਤੇਰੀਆਂ ਕਟਾਈਆਂ ਲੱਗਦੀਆਂ ਨੇ ਦੂਰ-ਦੂਰ, ਤੇ ਆਪਾਂ ਨੂੰ, ਤੈਨੂੰ ਪਤੈ, ਘਰੋਂ ਦੂਰ ਰਹਿਣਾ ਔਖੈ।... ਬਾਬੂ ਤਾਂ ਮਿੰਨਤਾਂ ਜਿਹੀਆਂ ਕਰਨ ਲੱਗ ਗਿਆ! ਕਹਿੰਦਾ, ਔਖਾ ਹੋ, ਸੌਖਾ ਹੋ, ਮੇਰਾ ਕੰਮ ਸਾਰ! ਮੇਰਾ ਕੰਮ ਖੜ੍ਹੈ, ਮੈਨੂੰ ਬੰਦੇ ਦੀ ਲੋੜ ਐ, ਤੇ ਬੰਦਾ ਕੋਈ ਮਿਲਦਾ ਨੀ!... ਮੈਂ ਕਿਹਾ, ਚੱਲ, ਔਖੇ-ਸੌਖੇ ਤੇਰੇ ਨਾਲ ਦੋ-ਤਿੰਨ ਕਟਾਈਆਂ ਲਵਾ ਦਿੰਨੇ ਆਂ।... ਉਹੀ ਪੁੱਛਦਾ ਤੀ ਅੱਜ, ਬਈ, ਕੋਈ ਔਖਿਆਈ ਹੋਵੇ ਤਾਂ ਦੱਸੀਂ!" ਗੱਲ ਖ਼ਤਮ ਕਰਦਿਆਂ ਹੀ ਨਛੱਤਰ ਨੇ ਅੰਦਰੋਂ ਹੌਲਾ-ਫੁੱਲ ਮਹਿਸੂਸ ਕੀਤਾ।

ਸ਼ਾਮ ਨੂੰ ਚਾਹ ਪੀਂਦਿਆਂ, ਨਛੱਤਰ ਇਸ ਬਾਰੇ ਕਿਸੇ ਦੂਜੇ ਮਜ਼ਦੂਰ ਨੂੰ ਹੱਸਦੇ ਹੋਏ ਦੱਸ ਰਿਹਾ ਸੀ, "ਜੈਲਾ ਤੇ ਬੁੱਧੂ ਕੱਚੇ ਜਿਹੇ ਹੋਗੇ, ਢਹੇ ਹੋਏ ਭਲਵਾਨ ਵਾਂਗ! ਮੂੰਹ ਲਟਕਾਈਂ ਦੋਹੇਂ ਜਣੇ ਸੋਚੀਂ ਜਾਣ, ਬਈ, ਇਹ ਕਿਧਰੋਂ ਨਿਕਲ ਆਇਆ, ਛੁਪਿਆ ਰੁਸਤਮ!!"

# ਬੁੱਚੜਖਾਨਾ

ਇਕ ਤਾਂ ਇੰਨਾ ਵੱਡਾ ਸ਼ਹਿਰ, ਉੱਪਰੋਂ ਸ਼ਹਿਰ ਦਾ ਸਭ ਤੋਂ ਵੱਡਾ ਹਸਪਤਾਲ!

ਪਰ ਸਾਰਾ ਟੱਬਰ ਮੇਰੇ ਮਗਰ ਪਿਆ ਹੋਇਆ ਸੀ—ਪੇਂਡੂ ਜੋ ਹੋਏ!

ਆਖਿਰ, ਮੇਰੀ ਮਾਂ ਸੀ ਉਹ! ਨਹੀਂ, ਮੈਨੂੰ ਕੀ ਲੋੜ ਸੀ, ਬਿਪਤਾ ਗੱਲ ਪਾਉਣ ਦੀ!

ਕੱਲ੍ਹ ਸ਼ਾਮੀਂ ਪਿੰਡੋਂ ਫੋਨ ਆਇਆ ਕਿ ਬੇਬੇ ਦੀ ਤਬੀਅਤ ਅਚਾਨਕ ਖ਼ਰਾਬ ਹੋ ਗਈ। ਪਿੰਡ ਦੇ ਡਾਕਟਰ ਦੇ ਵੱਸ ਦੀ ਗੱਲ ਨਹੀਂ ਸੀ। ਮੈਂ ਕਹਿ ਦਿੱਤਾ ਕਿ ਮੇਰੇ ਕੋਲ ਸ਼ਹਿਰ ਲੈ ਆਓ, ਕਿਸੇ ਚੰਗੇ ਡਾਕਟਰ ਨੂੰ ਦਿਖਾ ਦਿਆਂਗੇ।

ਡਾਕਟਰ ਨੇ ਦੱਸਿਆ ਕਿ ਹਾਲਤ ਗੰਭੀਰ ਹੈ, ਤੇ ਉਸਨੂੰ ਦਾਖ਼ਲ ਕਰਨਾ ਪਿਆ। ਦਾਖ਼ਲ ਕਾਹਦੀ ਕਰਵਾਈ, ਸਾਰੇ ਟੱਬਰ ਨੇ ਹੀ ਮੂੰਹ ਫੁਲਾ ਲਏ!

ਗੱਲ ਤਾਂ ਕੁਝ ਵੀ ਨਹੀਂ ਸੀ। ਸਿਰਫ਼ ਮਰੀਜ਼ ਨੂੰ ਕਿਸੇ ਨਾਲ ਮਿਲਣ ਨਹੀਂ ਸੀ ਦਿੱਤਾ ਜਾਂਦਾ। ਵੱਡਾ ਭਰਾ ਤੇ ਭਰਜਾਈ, ਜਿਹੜੇ ਪਿੰਡੋਂ ਬੇਬੇ ਨਾਲ ਆਏ ਸਨ, ਐਵੇਂ ਔਖੇ ਹੋ ਗਏ, "ਤੈਨੂੰ ਕਿਹਨੇ ਕਿਹਾ ਸੀ ਦਾਖਲ ਕਰਾਉਣ ਨੂੰ!... ਅਫਸਰ ਹੋਮੇਂਗਾ ਤੂੰ ਆਪਣੇ ਘਰ... ਮਾਂ ਤਾਂ ਉਹ ਸਾਡੀ ਵੀ ਉਂਨੀ ਈ ਐ...!"

ਹੁਣ ਉਹਨਾਂ ਨੂੰ ਮੈਂ ਕਿਵੇਂ ਸਮਝਾਉਂਦਾ ਕਿ ਵੱਡੇ ਹਸਪਤਾਲਾਂ ਵਿੱਚ ਇਲਾਜ ਕਿਵੇਂ ਹੁੰਦੇ ਨੇ!

ਰੋਟੀ-ਪਾਣੀ, ਨਵ੍ਹਾਉਣਾ-ਧਵਾਉਣਾ, ਸਾਰੀ ਦੇਖਭਾਲ ਹਸਪਤਾਲ ਵਾਲਿਆਂ ਨੇ ਆਪ ਕਰਨੀ ਸੀ। ਸਫਾਈ ਦਾ ਪੂਰਾ ਧਿਆਨ ਰੱਖਿਆ ਜਾਂਦਾ ਸੀ। ਇੱਕ ਕਮਰੇ ਵਿੱਚ ਇੱਕ ਮਰੀਜ਼, ਤੇ ਉਹਦੀ ਦੇਖਭਾਲ ਲਈ ਇੱਕ ਨਰਸ। ਹਰੇਕ ਕਮਰੇ ਵਿੱਚ ਏਅਰਕੰਡੀਸ਼ਨਰ। ਚੰਗੇ ਤੋਂ ਚੰਗਾ ਡਾਕਟਰ ਇਲਾਜ ਕਰ ਰਿਹਾ ਸੀ। ਮਹਿੰਗੀਆਂ ਤੋਂ ਮਹਿੰਗੀਆਂ ਮਸ਼ੀਨਾਂ ਨਾਲ ਟੈਸਟ ਕੀਤੇ ਜਾਂਦੇ ਸਨ। ਵਧੀਆਂ ਤੋਂ ਵਧੀਆਂ ਦਵਾਈ ਦਿੱਤੀ ਜਾਂਦੀ ਸੀ। ਮਰੀਜ਼ ਦੇ ਕਿਸੇ ਵੀ ਰਿਸ਼ਤੇਦਾਰ ਜਾਂ ਸੰਬੰਧੀ ਨੂੰ ਮਰੀਜ਼ ਕੋਲ ਜਾਣ ਦੀ ਆਗਿਆ ਨਹੀਂ ਸੀ।

ਸਭ ਕੁਝ ਬੇਬੇ ਦੀ ਭਲਾਈ ਲਈ ਹੀ ਤਾਂ ਸੀ! ਜੇ ਇਹਨਾਂ ਨੂੰ ਬੇਬੇ ਕੋਲ ਜਾਣ ਦੇ ਦਿੱਤਾ ਜਾਂਦਾ ਤਾਂ ਇਹਨਾਂ ਨੇ ਬੇਵਕੂਫਾਂ ਵਾਂਗ ਉਥੇ ਉੱਚੀ-ਉੱਚੀ ਬੋਲਣਾ ਸੀ! ਐਵੇਂ ਮਰੀਜ਼ਾਂ ਨੂੰ ਤੰਗ ਕਰਨਾ ਸੀ! ਪਛੜੇ ਲੋਕ ਜੋ ਹੋਏ!

ਸ਼ਾਮੀਂ ਮੈਂ ਬਹੁਤ ਕਿਹਾ ਕਿ ਹੁਣ ਤੁਸੀਂ ਪਿੰਡ ਚਲੇ ਜਾਓ, ਬੇਬੇ ਦੀ ਸੰਭਾਲ ਹੁਣ ਹਸਪਤਾਲ ਦੇ ਜ਼ਿੰਮੇ ਹੈ। ਜੇ ਕੋਈ ਲੋੜ ਹੋਈ ਤਾਂ ਮੈਂ ਟੈਲੀਫੋਨ ਕਰਕੇ ਬੁਲਾ ਲਵਾਂਗਾ। ਬਾਕੀ ਮੈਂ ਸਵੇਰੇ-ਸ਼ਾਮ ਗੇੜਾ ਮਾਰਦਾ ਰਹਾਂਗਾ।

"ਲੋਕਾਂ ਨੂੰ ਵੀ ਮੂੰਹ ਦਖੌਣੈ, ਭਾਈ!... ਬੇਬੇ ਨੂੰ ਐਂ ਸਿੱਟ ਕੇ ਕਿਮੇਂ ਚਲੇ ਜਾਈਏ...!" ਭਾਬੀ ਨੇ ਹਸਪਤਾਲ ਵਿੱਚ ਹੀ ਰੌਲ਼ਾ ਪਾ ਲਿਆ। ਮੈਨੂੰ ਬੁਰਾ ਤਾਂ ਬਹੁਤ ਲੱਗਿਆ, ਪਰ ਚੁੱਪ ਕਰਨਾ ਪੈ ਗਿਆ। ਡੰਗਰਾਂ ਨਾਲ ਡੰਗਰ ਥੋੜ੍ਹਾ ਬਣੀਦਾ ਹੁੰਦੈ!

ਸਾਰੀ ਰਾਤ ਪਤੀ-ਪਤਨੀ ਨੇ ਔਖੇ ਹੋ ਕੇ ਕੱਟੀ। ਮੈਨੂੰ ਕੀ ਸੀ, ਮੈਂ ਘਰ ਵਾਪਿਸ ਆ ਗਿਆ। ਸਵੇਰੇ ਡਿਊਟੀ ਤੇ ਵੀ ਜਾਣਾ ਸੀ।

ਅਗਲੇ ਦਿਨ ਸਵੇਰੇ ਜਦੋਂ ਮੈਂ ਡਾਕਟਰ ਤੋਂ ਬੇਬੇ ਦੀ ਹਾਲਤ ਪੁੱਛਣ ਹਸਪਤਾਲ ਗਿਆ, ਤਾਂ ਅੱਗੋਂ ਬਾਪੂ ਨਾਲ ਪਿੰਡ ਦੇ ਦਸ-ਬਾਰਾਂ ਬੰਦੇ ਪਹੁੰਚੇ ਹੋਏ। ਮੈਨੂੰ ਗੁੱਸਾ ਆ ਗਿਆ, "ਪਤਾ ਨਈਂ ਇਹਨਾਂ ਲੋਕਾਂ ਨੂੰ ਹੋਰ ਕੋਈ ਕੰਮ ਈ ਨਈਂ! ਲੋਕ ਕੀ ਸੋਚਦੇ ਹੋਣਗੇ ਕਿ ਇੰਨੇ ਵੱਡੇ ਅਫਸਰ ਦਾ ਪਰਿਵਾਰ ਇਹੋ ਜਿਹਾ!"

ਬਾਪੂ ਨੇ ਤਾਂ ਗੁੱਸੇ ਕਰਕੇ ਮੈਨੂੰ ਬੁਲਾਇਆ ਤੱਕ ਨਾ। ਮੈਨੂੰ ਕੀ ਸੀ! ਨਹੀਂ, ਤਾਂ ਨਾ ਸਹੀ!

ਸ਼ਾਮੀ, ਦਫਤਰ ਤੋਂ ਬਾਅਦ, ਮੈਂ ਘਰਵਾਲੀ ਨੂੰ ਲੈ ਕੇ ਫਿਰ ਹਸਪਤਾਲ ਚਲਾ ਗਿਆ।

ਅੱਗੋਂ ਘਰਦਿਆਂ ਨੇ ਉਥੇ ਮੇਲਾ ਲਾਇਆ ਹੋਇਆ। ਦੋਵੇਂ ਭੈਣਾਂ ਤੇ ਭਣਵੱਈਏ ਵੀ ਪਹੁੰਚੇ ਹੋਏ। ਜਾਂਦਿਆਂ ਹੀ ਸਾਰੇ ਮੇਰੇ ਖਹਿੜੇ ਪੈ ਗਏ। ਵਿੱਚੇ ਮੇਰੀ ਘਰਵਾਲੀ ਨੂੰ ਬੋਲਦੇ ਰਹੇ।

ਮੇਰੀ ਘਰਵਾਲੀ ਨੂੰ ਤਾਂ ਇਹ ਲੋਕ ਪਹਿਲਾਂ ਹੀ ਪਸੰਦ ਨਹੀਂ ਸਨ। ਪਰ ਵਿਚਾਰੀ ਮੇਰੇ ਕਰਕੇ ਸਹਿੰਦੀ ਰਹੀ!

ਮੈਂ ਵੱਡੀ ਭੈਣ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਕਾਹਨੂੰ ਵੀਰ, ਬੇਬੇ ਤਾਂ ਓਦਰ ਕੇ ਈ ਮਰ ਜੂ!... ਨਾ ਤਾਂ ਇਹ ਕਿਸੇ ਨੂੰ ਮਿਲਣ ਦੰਦੇ ਨੇ, ਨਾ ਕੁਸ਼ ਦੱਸਦੇ ਨੇ, ਬਈ, ਕਿਮੇਂ ਐ...!"

ਜਦੋਂ ਮੇਰੀ ਬੱਸ ਹੋ ਗਈ ਤਾਂ ਮੈਂ ਡਾਕਟਰ ਨਾਲ ਗੱਲ ਕੀਤੀ।

"... ਜੇ ਲੈ ਕੇ ਜਾਣਾ ਹੈ ਤਾਂ ਆਪਣੀ ਜ਼ਿੰਮੇਵਾਰੀ ਤੇ ਲੈ ਕੇ ਜਾਇਓ...!" ਮੈਨੂੰ ਪਤਾ ਸੀ ਕਿ ਡਾਕਟਰ ਦਾ ਇਹੋ ਜਵਾਬ ਹੋਣਾ ਸੀ।

ਛੁੱਟੀ ਦਿਲਵਾ ਕੇ ਮੇਰੀ ਜਾਨ ਨੂੰ ਆਰਾਮ ਮਿਲਿਆ। ਜੋ ਵੀ ਸੀ, ਮੈਂ ਆਪਣਾ ਫਰਜ਼ ਪੂਰਾ ਕਰ ਦਿੱਤਾ ਸੀ! ਅੱਜ-ਕੱਲ੍ਹ ਕੌਣ ਪੁੱਛਦਾ ਹੈ ਕਿਸੇ ਨੂੰ!

ਮੈਂ ਜਾਂਦੀ ਵਾਰੀ ਬੇਬੇ ਨੂੰ ਮਜ਼ਾਕ ਵਿੱਚ ਕਿਹਾ, "ਐਥੇ ਇਲਾਜ ਕਰਵਾ ਕੇ, ਬੇਬੇ, ਤੇਰੀ ਦਸ ਸਾਲ ਉਮਰ ਹੋਰ ਵਧਗੀ!"

"ਵੇ, ਕਿੱਥੇ! ਤੈਂ ਤਾਂ ਮੇਰੀ ਉਮਰ ਦਸ ਸਾਲ ਹੋਰ ਘਟਾ 'ਤੀ, ਸਗੋਂ! ਐਥੇ ਤਾਂ, ਨਾ ਕੋਈ ਬੋਲੇ, ਨਾ ਬੋਲਣ ਦੇਵੇ... ਨਾ ਕਿਸੇ ਨੂੰ ਮਿਲਣ ਦੇਣ!... ਰੋਟੀ, ਉਹ ਨਾ ਚੱਜ ਦੀ... ਟੱਬਰ ਤੋਂ ਬਿਨਾਂ ਰੋਟੀ ਕਿੱਥੇ ਸਵਾਦ ਲੱਗਦੀ ਐ!... ਫੇਰ, ਮਿੰਟ ਕੁ ਮਗਰੋਂ

ਕਦੇ ਖ਼ੂਨ ਕੱਢ ਲੇਣ, ਕਦੇ ਪਾ ਦੇਣ... ਜਮ੍ਹੀਂ ਡੰਗਰਾਂ ਮਾਂਗ' ਲਾਜ ਕਰਦੇ ਨੇ! ਐਦੋਂ ਤਾਂ ਆਪਣਾ ਪਿੰਡ ਆਲਾ ਡਾਕਟਰ ਬਧੀਐ...!"

ਮੈਨੂੰ ਗੁੱਸਾ ਆ ਗਿਆ, "ਪਰ ਜੇ ਪਿੰਡ ਕੁਸ਼ ਹੋ ਗਿਆ ਤਾਂ, ਮੈਨੂੰ..."

"... ਜੇ ਮਰ ਵੀ ਗੀ ਤਾਂ ਟੱਬਰ 'ਚ ਤਾਂ ਮਰੂੰ, ਏਸ ਬੁੱਚੜਖਾਨੇ ਨਾਲੋਂ ਤਾਂ ਚੰਗੈ!"

# ਰਿਕਸ਼ੇਵਾਲਾ

ਮੈਂ ਧਿਆਨ ਨਾਲ ਵੇਖਿਆ, ਉਹੋ ਹੀ ਸੀ।

ਕੁਦਰਤੀ ਗੱਲ ਹੈ ਕਿ ਜਦੋਂ ਵੀ ਮੈਂ ਬਸ-ਅੱਡੇ ਤੋਂ ਬਾਹਰ ਨਿਕਲਦਾ ਸੀ ਤਾਂ ਹਮੇਸ਼ਾ ਮੈਨੂੰ ਉਹੋ ਹੀ ਮਿਲਦਾ ਸੀ।......... ਜਾਂ, ਮਿਲਿਆ ਤਾਂ ਸ਼ਾਇਦ ਬਹੁਤੀ ਵਾਰ ਨਾ ਵੀ ਹੋਵੇ; ਕਈ ਵਾਰ, ਜੇ ਕੋਈ ਬੰਦਾ ਤੁਹਾਡੀਆਂ ਅੱਖਾਂ ਵਿੱਚ ਰੜਕਣ ਲੱਗ ਪਵੇ, ਤਾਂ ਉਹ ਦੇ ਤੁਹਾਨੂੰ ਤਿੰਨ-ਚਾਰ ਵਾਰ ਦਿਸਣ ਤੇ ਵੀ ਲੱਗਦਾ ਹੈ ਕਿ ਉਹ ਤੁਹਾਨੂੰ ਅਕਸਰ ਹੀ ਮਿਲ ਜਾਂਦਾ ਹੈ।

ਮੈਨੂੰ ਵੇਖਦਿਆਂ ਹੀ ਉਹ ਮੁਸਕਰਾਇਆ ਤੇ ਚੱਲਣ ਲਈ ਉਸਨੇ ਰਿਕਸ਼ੇ ਨੂੰ ਖਿੱਚਿਆ।

ਮੈਂ ਜਾਣਬੁਝ ਕੇ ਉਸਦੀ ਮੁਸਕਰਾਹਟ ਨੂੰ ਅਣਗੌਲਿਆਂ ਕਰਦਿਆਂ ਕਾਹਲੀ ਨਾਲ ਸੀਟ ਤੇ ਜਾ ਬੈਠਾ।

ਮੌਜ ਵਿੱਚ ਰਿਕਸ਼ੇ ਨੂੰ ਗੋਲ-ਚੱਕਰ 'ਚ ਘੁਮਾਉਂਦਿਆਂ ਜਦੋਂ ਮੈਂ ਉਸ ਨੂੰ ਪਹਿਲੀ ਵਾਰ ਵੇਖਿਆ ਸੀ ਤਾਂ ਮੇਰਾ ਧਿਆਨ ਨੇੜੇ ਪਏ ਕੂੜੇ ਦੇ ਢੇਰ ਤੇ ਪਿਆ ਸੀ, "ਬੱਸ, ਇਹੀ ਜ਼ਿੰਦਗੀ ਐ ਇਹਨਾਂ ਦੀ—ਕੀੜਿਆਂ ਵਾਂਗ ਪੈਦਾ ਹੋਣਾ ਤੇ ਇਸੇ ਤਰ੍ਹਾਂ ਈ ਮਰ ਜਾਣਾ!"

ਮੈਂ ਅਜਿਹੀ ਜ਼ਿੰਦਗੀ ਨਹੀਂ ਸੀ ਜਿਉਣਾ ਚਾਹੁੰਦਾ।

ਮਲੇਰਕੋਟਲੇ ਦੇ ਲੋਕ ਮੈਨੂੰ ਇਸੇ ਲਈ ਨਹੀਂ ਸੀ ਪਸੰਦ। "ਪਤਾ ਨਹੀਂ ਇਹ ਅਗਾਂਹ ਵਧਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦੇ ?" ਜਦੋਂ ਵੀ ਮੈਂ ਇਥੋਂ ਦੇ ਨੌਜਵਾਨਾਂ ਬਾਰੇ ਸੋਚਦਾ ਤਾਂ ਮੈਨੂੰ ਲੱਗਦਾ, "ਇਹ ਮੇਰੇ ਮੈਨੇਜਰ ਦਾ ਮੁਕਾਬਲਾ ਕਿਵੇਂ ਕਰ ਸਕਦੇ ਨੇ ?"

ਮੈਂ ਆਪਣੀ ਕੰਪਨੀ ਦੇ ਮੈਨੇਜਰ ਵਰਗਾ ਬਣਨਾ ਚਾਹੁੰਦਾ ਸੀ—ਬਰਾਂਡਡ ਸੂਟ ਤੇ ਗੱਡੀਆਂ ਦੇ ਨਿਵੇਕਲੇ ਮਾਡਲ ਮੈਨੂੰ ਬੇਚੈਨ ਕਰ ਦਿੰਦੇ ਸਨ।

ਮੇਰੀ ਐਮ. ਬੀ. ਏ. ਕਿਸੇ ਨਾਮੀ ਇੰਸਟੀਚਿਊਟ ਤੋਂ ਨਹੀਂ ਹੋ ਸਕੀ। "ਅਸੀਂ 'ਉਹਨਾਂ' ਲੋਕਾਂ ਦਾ ਮੁਕਾਬਲਾ ਕਿਵੇਂ ਕਰ ਸਕਦੇ ਆਂ ?........ ਕਾਸ਼ ! ਜੇ ਮੈਂ ਪੈਦਾ ਈ ਚੰਡੀਗੜ੍ਹ ਵਰਗੇ ਸ਼ਹਿਰ 'ਚ ਹੋਇਆ ਹੁੰਦਾ!" ਇਸੇ ਕਰਕੇ ਨੌਕਰੀ ਲਈ ਮੈਂ ਚੰਡੀਗੜ੍ਹ ਚੁਣਿਆ ਸੀ।

ਹੁਣ ਮੈਂ ਮਾਰਕਿਟਿੰਗ 'ਚ ਦਿਨ-ਰਾਤ ਇੱਕ ਕੀਤਾ ਹੋਇਆ ਸੀ। "ਜਦੋਂ ਕੰਪਨੀ ਮਾਰਕਿਟਿੰਗ ਦੇ ਨਤੀਜੇ ਦੇਖੂਗੀ, ਤਾਂ ਆਪਣੇ-ਆਪ ਤਰੱਕੀ ਦੇਊਗੀ।"

ਤਰੱਕੀ ਤੋਂ ਬਾਅਦ ਮੇਰਾ ਇਰਾਦਾ ਤਕਨੀਕੀ ਡਿਪਲੋਮਾ ਕਰ ਲੈਣ ਦਾ ਸੀ, ਤੇ

ਫਿਰ ਕਿਸੇ ਚੰਗੀ ਕੰਪਨੀ 'ਚ ਜਾਣ ਦਾ, "ਫੇਰ ਆਪਣਾ ਕਾਰੋਬਾਰ, ਤੇ ਫੇਰ....... ਤੇ ਫਿਰ......," ਮੈਨੂੰ ਚੰਗਾ ਲੱਗਦਾ ਸੀ ਅੱਗੇ ਹੀ ਅੱਗੇ ਵਧਦੇ ਰਹਿਣਾ, ਤੇ ਇੱਕ ਮਿੰਟ ਦੀ ਵੀ ਵਿਹਲ ਨਾ ਹੋਣਾ।.........

ਉਸ ਦਿਨ ਮੈਂ ਇਹਨੂੰ ਲੰਘੇ ਜਾਂਦੇ ਨੂੰ ਹੱਥ ਦਿੱਤਾ ਤਾਂ ਇਹਨੇ ਬਿਨਾਂ ਰੁਕੇ ਹੀ ਜਵਾਬ ਦੇ ਦਿੱਤਾ, "ਨਹੀਂ ਜਾਣਾ।"

"ਤੀਹ ਲੈ ਲੀਂ!" ਕੋਈ ਹੋਰ ਰਿਕਸ਼ਾ ਨਾ ਮਿਲਣ ਕਰਕੇ ਮੈਂ ਵੱਧ ਪੈਸਿਆਂ ਦਾ ਲਾਲਚ ਦਿੱਤਾ।

ਪਰ ਨਾਂਹ ਵਿੱਚ ਹੱਥ ਮਾਰਦਿਆਂ ਇਹ ਤੇਜ਼ੀ ਨਾਲ ਲੰਘ ਗਿਆ।

ਮੈਨੂੰ ਘਰ ਤੁਰਕੇ ਜਾਣਾ ਪਿਆ।

"ਥੋਡੀ ਜੇਬ ਵਿੱਚ ਪੈਸੇ ਹੋਣ, ਤੇ ਤੁਸੀਂ ਘਰ ਤੱਕ ਰਿਕਸ਼ਾ ਵੀ ਨਾ ਕਰਵਾ ਸਕੋ!!"

ਉਸ ਦਿਨ ਤੋਂ ਇਹ ਮੇਰੀਆਂ ਅੱਖਾਂ ਵਿੱਚ ਰੜਕ ਰਿਹਾ ਸੀ। "ਆਖਿਰ, ਅਜਿਹਾ ਕੀ ਕੰਮ ਸੀ ਇਹਨੂੰ! ਕਿਸੇ ਰਿਸ਼ਤੇਦਾਰ ਦੇ ਜਾਣਾ ਹੋਊਗਾ, ਜਾਂ ਕੋਈ ਹੋਰ ਘਰੇਲੂ ਕੰਮ ਕਰਨਾ ਹੋਊਗਾ, ਤੇ ਜਾਂ ਫਿਰ ਨਮਾਜ਼ ਦਾ ਸਮਾਂ........?" ਜੋ ਵੀ ਸੀ, ਮੈਨੂੰ ਕਿਸੇ ਛੋਟੇ ਬੰਦੇ ਕੋਲੋਂ ਇਸ ਤਰ੍ਹਾਂ ਦੇ ਜਵਾਬ ਦੀ ਆਦਤ ਨਹੀਂ ਸੀ।

ਅੱਜ ਵੀ ਮੈਨੂੰ ਇਹੋ ਹੀ ਇਕੱਲਾ ਮਿਲਿਆ ਸੀ। ਨਹੀਂ ਤਾਂ, ਮੈਂ ਇਹਦੇ ਨਾਲੋਂ ਦੂਜੇ ਰਿਕਸ਼ੇ ਵਾਲੇ ਨੂੰ ਵੱਧ ਪੈਸੇ ਦੇਣਾ ਪਸੰਦ ਕਰਦਾ!

...ਤੇ ਮੈਂ ਇਹਦੇ ਰਿਕਸ਼ੇ ਤੇ ਬੈਠਾ ਸੋਚ ਰਿਹਾ ਸੀ ਕਿ ਇਹਨੂੰ ਇਹਦੀ ਔਕਾਤ ਕਿਵੇਂ ਯਾਦ ਕਰਵਾਈ ਜਾਵੇ।

ਘਰ ਦੇ ਗੇਟ ਅੱਗੇ ਉੱਤਰਕੇ ਮੈਂ ਉਸਦੇ ਅੱਗੇ ਇੱਕ ਸੌ ਦਾ ਨੋਟ ਕਰ ਦਿੱਤਾ।

ਉਸ ਨਾਲ ਪੱਚੀ ਰੁਪਏ ਕੀਤੇ ਸਨ।

ਮੈਨੂੰ ਪਤਾ ਸੀ ਕਿ ਉਸ ਕੋਲ ਨਾ ਤਾਂ ਸੌ ਦੇ ਖੁੱਲ੍ਹੇ ਹੋਣੇ ਸਨ ਅਤੇ ਨਾ ਹੀ ਉਸ ਸਮੇਂ ਕਿਤੋਂ ਮਿਲਣੇ ਸਨ। ਫਿਰ ਜਦੋਂ ਉਸ ਨੇ ਰੌਲ਼ਾ ਪਾਉਣਾ ਸੀ ਤਾਂ ਮੈਂ ਬਟੂਏ ਚੋਂ ਵੀਹ ਦੇ ਦੋ ਨੋਟ ਕੱਢ ਕੇ, ਚਾਲੀ ਰੁਪਏ ਉਹਦੇ ਮੂੰਹ ਤੇ ਮਾਰਨੇ ਸਨ, "ਚੱਕ, ਤੇ ਭੱਜ ਜਾ! ਬਹੁਤੀ ਬਕਵਾਸ ਕਰਨ ਦੀ ਲੋੜ ਨੀ!"

"ਖੁੱਲ੍ਹੇ ਦੇ ਦਿਉ!"

ਮੈਂ ਇੱਕ ਵੀਹ ਦਾ ਨੋਟ ਕੱਢ ਲਿਆ, "ਹੋਰ ਤਾਂ ਖੁੱਲ੍ਹੇ ਹੈ ਨੀ!"

ਉਹਨੇ ਦੋਹਾਂ ਨੋਟਾਂ ਵੱਲ ਵੇਖਿਆ। ਮੈਂ ਲੜਨ ਲਈ ਤਿਆਰ ਸੀ।

ਉਸ ਨੇ ਵੀਹ ਦਾ ਨੋਟ ਫੜ ਲਿਆ, "ਚਲੋ, ਕੋਈ ਨੀ! ਫੇਰ ਆ ਜਾਣਗੇ ਕਦੇ", ਕਹਿੰਦਿਆਂ ਉਹਨੇ ਰਿਕਸ਼ਾ ਮੋੜ ਲਿਆ।

ਮੈਂ ਉਸ ਨੂੰ ਜਵਾਬ ਦੇਣ ਲਈ ਦਿਮਾਗ਼ ਤੇ ਜ਼ੋਰ ਪਾਉਂਦਾ ਰਿਹਾ।

ਉਹ ਮੇਰੇ ਮੁਹੱਲੇ ਤੋਂ ਸੜਕ ਵਾਲਾ ਮੋੜ ਮੁੜ ਗਿਆ।

# ਚੰਡੀਗੜ੍ਹੀਅਨ

"ਸਰ! ਸਾਰਾ ਕੁਸ਼ ਤਿਆਰ ਪਿਐ! ਬਸ, ਡਰੈਸਾਂ ਦੀ ਈ ਘਾਟ ਐ!" ਅਨੀਤਾ ਮੈਡਮ ਨੇ ਪ੍ਰਿੰਸੀਪਲ ਦੇ ਕਮਰੇ ਅੰਦਰ ਦਾਖ਼ਲ ਹੁੰਦਿਆਂ ਹੀ ਕਿਹਾ।

ਉਸਦਾ ਚਿਹਰਾ ਵੇਖ ਕੇ ਪ੍ਰਿੰਸੀਪਲ ਦਾ ਦਿਲ ਬੈਠ ਗਿਆ। "ਤੁਸੀਂ ਤਿਆਰੀ ਕਰਾਓ, ਜਾ ਕੇ। ਮੈਂ ਦੇਖਦਾਂ", ਪ੍ਰਿੰਸੀਪਲ ਨੇ ਜਿਵੇਂ ਉਸਨੂੰ ਟਾਲਿਆ ਹੋਵੇ।

ਅਨੀਤਾ ਨੇ ਇੱਕ ਪਲ ਲਈ ਪ੍ਰਿੰਸੀਪਲ ਦੇ ਚਿਹਰੇ ਵੱਲ ਵੇਖਿਆ। ਕੁਝ ਦੇਰ ਸੋਚਿਆ। ਫਿਰ ਕਮਰੇ 'ਚੋਂ ਬਾਹਰ ਚਲੀ ਗਈ।

"ਤਿਆਰੀ ਤਾਂ, ਦੱਸ, ਹੁਣ ਸਾਰੀ ਹੋ ਚੁੱਕੀ ਐ, ਡਰੈਸਾਂ ਹੈ ਨੀ!........ ਤੇ ਸਰ ਕਹੀ ਜਾਂਦੇ ਨੇ 'ਤਿਆਰੀ ਕਰਾਓ, ਤਿਆਰੀ ਕਰਾਓ'!!" ਅਨੀਤਾ ਨੇ ਕਮਰੇ 'ਚੋਂ ਭਰ ਕੇ ਲਿਆਂਦਾ ਮਨ ਜਰਨੈਲ ਸਿੰਘ ਅੱਗੇ ਹੌਲ਼ਾ ਕੀਤਾ। ਉਹ ਪਹਿਲਾ ਵਿਅਕਤੀ ਸੀ, ਜੋ ਉਸਨੂੰ ਪ੍ਰਿੰਸੀਪਲ ਦੇ ਕਮਰੇ 'ਚੋਂ ਬਾਹਰ ਨਿਕਲਦਿਆਂ ਮਿਲਿਆ ਸੀ।

"ਸਰ! ਦੋ ਘੰਟੇ ਹੋ ਗੇ ਜੀ........!!" ਇਸ ਵਾਰ ਭਾਵਨਾ ਮੈਡਮ ਨੇ ਪ੍ਰਿੰਸੀਪਲ ਦੇ ਕਮਰੇ 'ਚ ਹੱਲਾ ਬੋਲਿਆ।

ਪ੍ਰਿੰਸੀਪਲ ਦੇ ਹੱਥਾਂ ਵਿੱਚੋਂ ਜਿਵੇਂ ਜਾਨ ਮੁੱਕ ਗਈ ਹੋਵੇ। ਟੈਲੀਫੋਨ ਦਾ ਫੜਿਆ ਰਿਸੀਵਰ ਹੇਠਾਂ ਰੱਖਦਿਆਂ ਉਸਨੇ ਫਿਰ ਕਿਹਾ, "ਚਲੋ, ਮੈਂ ਦੇਖਦਾਂ......!"

ਭਾਵਨਾ ਪ੍ਰਿੰਸੀਪਲ ਦੇ ਕਮਰੇ 'ਚੋਂ ਮੁਸਕੜੀਏਂ ਹੱਸਦੀ ਹੋਈ ਬਾਹਰ ਨਿਕਲੀ ਤੇ ਗਿਟਮਿਟ ਕਰਦੇ ਬਾਕੀ ਅਧਿਆਪਕਾਂ ਦੇ ਟੋਲੇ 'ਚ ਸ਼ਾਮਿਲ ਹੋ ਗਈ।

"ਹੁਣ ਏਹਨੂੰ ਆਊ ਸਵਾਦ, ਜਦ ਕੱਲ੍ਹ ਨੂੰ ਮਿੱਟੀ ਪਲੀਤ ਹੋਊ ਸਾਰਿਆਂ ਸਾਹਮਣੇ!........ ਸਾਰੇ ਫੰਕਸ਼ਨ ਦਾ ਸੱਤਿਆਨਾਸ ਮਾਰਿਆ ਗਿਆ........!" ਜਰਨੈਲ ਸਿੰਘ ਦੀ ਆਵਾਜ਼ ਟੋਲੇ ਦਰਮਿਆਨ ਸਾਫ ਸੁਣਾਈ ਦੇ ਰਹੀ ਸੀ।

"ਹੁਣ ਤੱਕ ਨਹੀਂ ਪਹੁੰਚੀ ਮੈਡਮ!" ਭਾਵਨਾ ਨੇ ਇੱਕ ਵਾਰ ਫਿਰ ਗੁੱਸਾ ਕੱਢਿਆ।

"ਸਜ-ਧਜ ਕੇ ਤਾਂ ਐਵੇਂ ਗਈ ਐ, ਜਿਵੇਂ ਅੱਜ ਮੰਗਣਾ ਹੋਵੇ ਉਹਦਾ!" ਕਿਸੇ ਮਰਦ ਅਧਿਆਪਕ ਨੇ ਵੀ ਵਹਿੰਦੀ ਗੰਗਾ 'ਚ ਹੱਥ ਧੋਤਾ।

"ਮੇਕਅੱਪ ਤੇ ਸੂਟ ਤਾਂ ਦੀਪਿਕਾ ਦਾ ਅੱਜ ਟੌਪ ਸੀ, ਬਈ, ਪੂਰਾ!......." ਦੂਜੇ ਮਰਦ ਅਧਿਆਪਕ ਨੇ ਵੀ ਕਿਹਾ।

ਜਦੋਂ ਔਰਤਾਂ ਨੇ ਟੇਢੀਆਂ ਨਜ਼ਰਾਂ ਨਾਲ ਉਸ ਵੱਲ ਤੱਕਿਆ ਤਾਂ ਉਸਨੇ ਹੋਰ ਸ਼ਬਦ ਜੋੜੇ, "........... ਉਸ ਤੇ ਸਕੂਲ 'ਚੋਂ ਬਾਹਰ ਜਾਂਦਿਆਂ ਮੇਰੀ ਅਚਾਨਕ ਨਜ਼ਰ ਪਈ ਸੀ!........ ਮੈਂ ਤਾਂ ਸਮਝਿਆ ਕੋਈ ਨਵੀਂ ਮੈਡਮ ਆਈ ਐ!........."

"ਪ੍ਰਿੰਸੀਪਲ ਨੇ ਵੀ ਇੱਕੋ ਰਟ ਲਾਈ ਹੋਈ ਐ ਅੱਜ ਕੱਲ੍ਹ-ਦੀਪਿਕਾ, ਦੀਪਿਕਾ!" ਨੱਕ ਵੱਟਦਿਆਂ ਭਾਵਨਾ ਬੋਲੀ।

"ਸਰ ਨੇ ਤਾਂ ਜਮ੍ਹੀਂ ਸ਼ਰਮ ਲਾਹ ਰੱਖੀ ਐ!......", ਅਨੀਤਾ ਬੋਲੀ।

"ਹੋਰ!! ਪਹਿਲਾਂ 'ਮੈਡਮ' ਸਕੂਲ 'ਚ ਹੁੰਦੇ ਸੀ ਤਾਂ ਸਰ ਨੂੰ ਫੇਰ ਵੀ ਡਰ ਸੀ! ਜਦੋਂ ਦੀ ਉਹਨਾਂ ਦੀ ਜਾੱਬ ਲੱਗੀ ਐ, ਇਹਨਾਂ ਨੂੰ ਕਿਸੇ ਦਾ ਡਰ ਈ ਨਹੀਂ ਰਿਹਾ!" ਇੱਕ ਹੋਰ ਅਧਿਆਪਕਾ ਬੋਲੀ।

ਕੁਝ ਸਮਾਂ ਪਹਿਲਾਂ ਹੀ ਪ੍ਰਿੰਸੀਪਲ ਦੀ ਪਤਨੀ ਦੀ ਸਰਕਾਰੀ ਨੌਕਰੀ ਲੱਗੀ ਸੀ। ਪਹਿਲਾਂ ਉਹ ਵੀ ਇਸੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਂਦੀ ਸੀ।

ਜਦੋਂ ਤੋਂ ਉਸਦੀ ਪਤਨੀ ਸਕੂਲ ਛੱਡ ਕੇ ਗਈ ਸੀ, ਪ੍ਰਿੰਸੀਪਲ ਦਾ ਦੀਪਿਕਾ ਨਾਲ ਵਾਹ-ਵਾਸਤਾ ਵੱਧ ਗਿਆ ਸੀ। ਕਿਸੇ ਫੰਕਸ਼ਨ ਦੀ ਤਿਆਰੀ ਹੁੰਦੀ ਤਾਂ ਦੀਪਿਕਾ ਨੂੰ ਪਹਿਲ ਦੇ ਆਧਾਰ ਤੇ ਬੁਲਾਇਆ ਜਾਂਦਾ। ਜੇ ਕੋਈ ਜ਼ਰੂਰੀ ਪੱਤਰ ਤਿਆਰ ਕਰਨਾ ਹੁੰਦਾ ਤਾਂ ਉਹ ਚਪੜਾਸੀ ਨੂੰ ਆਖਦਾ, "ਦੀਪਿਕਾ ਨੂੰ ਬੁਲਾ ਕੇ ਲਿਆਈਂ....... ਸਲਾਹ ਕਰਨੀ ਐ।"

ਇਸੇ ਤਰ੍ਹਾਂ ਗੱਲਾਂ-ਗੱਲਾਂ 'ਚ ਜਦੋਂ ਤੋਂ ਪ੍ਰਿੰਸੀਪਲ ਨੇ ਦੀਪਿਕਾ ਨੂੰ ਦੱਸਿਆ ਸੀ ਕਿ ਉਸਨੇ ਐਮ. ਏ. ਚੰਡੀਗੜ੍ਹ ਤੋਂ ਕੀਤੀ ਸੀ, ਉਦੋਂ ਤੋਂ ਦੀਪਿਕਾ ਦੀ ਉਸ ਵਿੱਚ ਦਿਲਚਸਪੀ ਵਧ ਗਈ ਸੀ।

"ਤੰਨੇ ਕਿੰਨੀ ਬਾਰ ਕਿਹਾ ਮੈਂ ਕਿ ਐਸਾ ਮੱਤ ਕਰ.......!" ਹਰ ਵਾਰ ਜਦੋਂ ਵੀ ਪ੍ਰਿੰਸੀਪਲ ਉਸਦੇ ਇਲਾਕੇ ਦੀ ਬੋਲੀ ਦੀ ਨਕਲ ਉਤਾਰਦਾ ਤਾਂ ਉਹ ਹੱਸ ਦਿੰਦੀ।

ਕੋਈ ਵੀ ਮਾਮਲਾ ਪੇਸ਼ ਆਉਣ ਤੇ ਦੰਦ ਕਰੀਚ ਕੇ ਅੱਖਾਂ ਝਪਕਾਉਣਾ- ਆਪਣੀ ਇਸ ਆਦਤ ਨਾਲ ਉਹ ਇਹ ਵਿਖਾਉਣ ਦੀ ਕੋਸ਼ਿਸ ਕਰਦੀ ਸੀ ਕਿ ਹਰੇਕ ਗੱਲ ਨੂੰ ਉਹ ਗਹਿਰਾ ਉਤਰਕੇ ਸੋਚਦੀ ਸੀ।

ਅੱਜ-ਕੱਲ੍ਹ ਹੇਅਰਬੈਂਡ ਨਾਲ ਪਿੱਛੇ ਵੱਲ ਨੂੰ ਸੈੱਟ ਕੀਤੇ ਉਸਦੇ ਵਾਲ ਹੋਰ ਆਕਰਸ਼ਕ ਨਜ਼ਰ ਆਉਣ ਲੱਗ ਪਏ ਸਨ।

ਦੀਪਿਕਾ ਦੇ ਪੀਰੀਅਡ ਘਟਦੇ-ਘਟਦੇ ਦੋ ਰਹਿ ਗਏ ਸਨ। ਬਾਕੀ ਅਧਿਆਪਕ ਨੌਂ-ਨੌਂ ਪੀਰੀਅਡ ਲਾਉਂਦਿਆਂ ਕੁੜ੍ਹਦੇ ਰਹਿੰਦੇ ਸਨ।

ਪਹਿਲਾਂ ਮਰਦ ਅਧਿਆਪਕ ਦੀਪਿਕਾ ਦੇ ਪੀਰੀਅਡ ਲੈਣ ਲਈ ਤਿਆਰ ਰਹਿੰਦੇ ਸਨ। ਜਦੋਂ ਦੀ ਪ੍ਰਿੰਸੀਪਲ ਨਾਲ ਉਸਦੀ ਨੇੜਤਾ ਵਧੀ ਸੀ, ਉਹਨਾਂ ਦਾ 'ਦਿਆਲੂਪਣ' ਗ਼ਾਇਬ ਹੋ ਗਿਆ ਸੀ।

"ਆਪਣੇ-ਆਪ ਨੂੰ ਇਹ ਬੜੀ ਇੰਟਲੈਕਚੁਅਲ ਸਮਝਦੀ ਐ! ਟੂਰ ਤੇ ਬੱਚਿਆਂ ਨੂੰ ਐਮੇਂ ਅੱਗੇ ਹੋ-ਹੋ ਸਮਝਾ ਰਹੀ ਸੀ, ਜਿਮੇਂ ਟੂਰਿਜ਼ਮ ਦਾ ਕੋਰਸ ਕੀਤਾ ਹੋਵੇ......!" ਮਰਦ ਅਧਿਆਪਕਾਂ ਵਿੱਚ ਗੱਲਾਂ ਹੁੰਦੀਆਂ ਸਨ।

"ਭਾਖੜਾ ਡੈਮ ਨੂੰ ਤਾਂ, ਯਾਰ, ਇਹ ਨੰਗਲ ਡੈਮ ਦੱਸੀ ਜਾਂਦੀ ਸੀ! ਮੈਂ ਤਾਂ ਪ੍ਰਿੰਸੀਪਲ ਦੇ ਮੂੰਹ ਨੂੰ ਚੁੱਪ ਕਰ ਗਿਆ, ਨਹੀਂ ਤਾਂ, ਮੈਂ ਨਿਆਣਿਆਂ ਸਾਹਮਣੇ ਈ ਨੰਬਰ ਡੌਨ ਕਰ ਦੇਣੇ ਸੀ ਇਹਦੇ!........"

"ਆਹੋ! ਉਹ ਵੀ ਤਾਂ ਇਹਨੂੰ ਨਾਲ-ਨਾਲ ਲਈ ਫਿਰਦਾ ਸੀ!"

"ਚੰਡੀਗੜ੍ਹ ਪਹੁੰਚ ਕੇ ਤਾਂ ਦੋਹਾ ਨੇ ਹੱਦ ਈ ਕਰ 'ਤੀ, ਆਪਦੀ ਈ ਜੋੜੀ ਬਣਾਈ ਫਿਰੀ ਗਏ! ਨਾ ਬੱਚਿਆਂ ਦੀ ਪਰਵਾਹ, ਨਾ ਸਟਾਫ਼ ਦੀ ਸ਼ਰਮ!!"

ਪ੍ਰਿੰਸੀਪਲ ਜਦੋਂ ਅਧਿਆਪਕਾਂ ਦੇ ਚਿਹਰਿਆਂ ਤੋਂ ਅਸੰਤੁਸ਼ਟੀ ਦੇ ਭਾਵ ਪੜ੍ਹਦਾ, ਤਾਂ ਉਹਨਾਂ ਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕਰਦਾ, "ਅਸਲ 'ਚ, ਦੀਪਿਕਾ ਉੱਤੇ ਮੈਂ ਦੂਜੇ ਕੰਮ ਬਹੁਤ ਪਾ ਰੱਖੇ ਨੇ। ਤਾਂ ਕਰਕੇ ਕਲਾਸਾਂ ਘਟਾ ਦਿੱਤੀਆਂ ਨੇ!"

"ਪਰ, ਸਰ! ਹੋਰ ਟੀਚਰ ਵੀ ਤਾਂ ਫੰਕਸ਼ਨ ਦੀਆਂ ਤਿਆਰੀਆਂ ਕਰਾਉਂਦੇ ਨੇ, ਉਹ ਫੇਰ ਵੀ ਛੇ-ਛੇ, ਸੱਤ-ਸੱਤ ਪੀਰੀਅਡ ਲਾਉਂਦੇ ਨੇ! ਨਾਲੇ, ਹੋਰ ਕੰਮ ਵੀ ਕਰਦੇ ਨੇ!........," ਜਰਨੈਲ ਸਿੰਘ ਸਾਰੇ ਸਟਾਫ ਸਾਹਮਣੇ ਹੀ ਗਰਮ ਹੋ ਜਾਂਦਾ।

ਕਈ ਵਾਰ ਉਹ ਸਿੱਧਾ ਦੀਪਿਕਾ ਨੂੰ ਹੀ ਸੰਬੋਧਿਤ ਹੁੰਦਾ, "......... ਤੂੰ ਭਾਮੇਂ ਦੋ ਪੀਰਡ ਵੀ ਨਾ ਲਾ, ਮੈਨੂੰ ਕੋਈ ਦੁੱਖ ਨੀ! ਪਰ ਇਹਦੇ ਨਾਲ ਬਾਕੀ ਸਟਾਫ ਦਾ ਮੌਰਗੱਲ ਡਾਊਨ ਹੁੰਦੈ!"

ਉਹਨੂੰ ਪ੍ਰਿੰਸੀਪਲ ਸਾਹਮਣੇ ਬੋਲਣ ਤੋਂ ਕੋਈ ਝਿਜਕ ਨਹੀਂ ਸੀ। ਉਹ ਸਰਕਾਰੀ ਸਕੂਲ ਤੋਂ ਰਿਟਾਇਰ ਹੋ ਕੇ ਆਇਆ ਸੀ, ਤੇ ਇਹ ਪ੍ਰਾਈਵੇਟ ਨੌਕਰੀ ਉਸ ਲਈ ਸਿਰਫ਼ ਵਿਅਸਤ ਰਹਿਣ ਦਾ ਇੱਕ ਜ਼ਰੀਆ ਸੀ।

"........ ਏਸ ਉਮਰ 'ਚ ਬੀ. ਪੀ. ਹਾਈ ਕਰਨ ਨਾਲ ਥੋਡੀ ਸੇਹਤ ਖਰਾਬ ਹੋ ਸਕਦੀ ਐ!" ਪ੍ਰਿੰਸੀਪਲ ਜਰਨੈਲ ਸਿੰਘ ਨੂੰ ਠੰਢਾ ਕਰਨ ਦੀ ਕੋਸ਼ਿਸ਼ ਕਰਦਾ।

ਜਰਨੈਲ ਸਿੰਘ ਕੁਝ ਸੋਚ ਕੇ ਚੁੱਪ ਕਰ ਜਾਂਦਾ।

ਬਾਕੀ ਸਟਾਫ ਜਰਨੈਲ ਸਿੰਘ ਦੀ ਪ੍ਰਤੀਨਿਧਤਾ ਵਿੱਚ ਓਟ ਮਹਿਸੂਸ ਕਰਦਾ ਸੀ।

ਜਦੋਂ ਪ੍ਰਿੰਸੀਪਲ ਕਮਰੇ 'ਚੋਂ ਬਾਹਰ ਨਿਕਲਿਆ ਤਾਂ ਅਧਿਆਪਕਾਂ ਵਿੱਚ ਖ਼ਾਮੋਸ਼ੀ ਛਾ ਗਈ। ਉਸਨੇ ਮੋਬਾਈਲ ਫੋਨ ਕੰਨ ਤੇ ਲਾਇਆ ਹੋਇਆ ਸੀ।

"ਪਰ........?" ਉਸਦਾ ਚਿਹਰਾ ਲਾਲ-ਸੁਰਖ਼ ਹੁੰਦਾ ਜਾ ਰਿਹਾ ਸੀ।

ਸਾਰਿਆਂ ਨੇ ਉਤਸੁਕਤਾ ਭਰੀਆਂ ਨਜ਼ਰਾਂ ਨਾਲ ਉਸ ਵੱਲ ਵੇਖਿਆ।

ਪ੍ਰਿੰਸੀਪਲ ਨੇ ਮੋਬਾਈਲ ਬੰਦ ਕਰਕੇ ਜੇਬ ਵਿੱਚ ਪਾਇਆ ਤੇ ਅਧਿਆਪਕਾਂ ਨੂੰ ਬੋਲਿਆ, "ਚਲੀ ਗਈ! ਉਹ ਉਧਰੋਂ ਹੀ ਬਸ ਚੜ੍ਹ ਗਈ!......." ਉਸਨੇ ਸ਼ਬਦ ਬੜੇ ਔਖਿਆਂ ਇਕੱਠੇ ਕੀਤੇ ਸਨ।

"ਪਰ, ਸਰ! ਡਰੈਸਾਂ.........?" ਅਨੀਤਾ ਦੇ ਮੂੰਹੋਂ ਸੁਭਾਵਿਕ ਹੀ ਨਿਕਲ ਗਿਆ।

ਜਰਨੈਲ ਸਿੰਘ ਨੇ ਉਸਨੂੰ ਚੁੱਪ ਰਹਿਣ ਲਈ ਇਸ਼ਾਰਾ ਕੀਤਾ।

“ਪਰ ਗਈ ਕਿੱਥੇ ?.........” ਅਨੀਤਾ ਦੇ ਮੂੰਹੋਂ ਸੁਭਾਵਿਕ ਹੀ ਨਿਕਲ ਗਿਆ।

“ਚੰਡੀਗੜ੍ਹ।”

“ਕੀਹਦੇ ਨਾਲ ?”

“ਮੁੰਡਾ ਚੰਡੀਗੜ੍ਹ ਪੜ੍ਹਦਾ ਸੀ। ਉਹਦੇ ਨਾਲ ਚਲੀ ਗਈ.......!” ਕਹਿ ਕੇ ਪ੍ਰਿੰਸੀਪਲ ਪਿਛਾਂਹ ਦਫਤਰ ਵੱਲ ਮੁੜ ਗਿਆ।

# ਟਿਪ

ਐਡਵੋਕੇਟ ਰਮੇਸ਼ ਕੁਮਾਰ ਨੇ ਟੁੱਟਿਆ ਬੂਟ ਬੁੱਢੇ ਅੱਗੇ ਕਰਦਿਆਂ ਪੁੱਛਿਆ, "ਕਿੰਨਾ ਕੁ ਟਾਇਮ ਲੱਗੂ ?"

"ਬਸ ਜੀ, ਦੋ ਮਿੰਟ!"

ਉਸਦੇ ਕੰਬਦੇ ਹੱਥਾਂ ਨੂੰ ਵੇਖ ਕੇ ਰਮੇਸ਼ ਕੁਮਾਰ ਨੂੰ ਉਸਦੇ 'ਦੋ ਮਿੰਟਾਂ' ਤੇ ਹਾਸੀ ਆ ਗਈ।

ਅਗਲੇ ਹੀ ਪਲ ਸਮਾਜਵਾਦ ਦੀਆਂ ਕਿਤਾਬਾਂ 'ਚ ਪੜ੍ਹੇ ਵਿਚਾਰ ਉਸ ਦੀਆਂ ਅੱਖਾਂ ਅੱਗੋਂ ਫਿਲਮ ਦੀ ਰੀਲ੍ਹ ਵਾਂਗ ਘੁੰਮ ਗਏ। "ਕਿੰਨੀ ਔਖੀ ਜ਼ਿੰਦਗੀ ਐ ਇਹਨਾਂ ਲੋਕਾਂ ਦੀ...!" ਤੇ ਉਸਨੇ ਮਨ ਹੀ ਮਨ ਸਿਸਟਮ ਨੂੰ ਕਈ ਗਾਲ੍ਹਾਂ ਕੱਢੀਆਂ।

ਬੁੱਢੇ ਦਾ ਇਕਹਿਰਾ ਸ਼ਰੀਰ ਸੜਕ ਕਿਨਾਰੇ ਵਿਛੀ ਬੋਰੀ ਤੇ ਜੰਮਿਆ ਹੋਇਆ ਸੀ। ਉਸਦੇ ਗੋਡਿਆਂ ਤੋਂ ਮੁੜ ਕੇ ਦੂਹਰੀਆਂ ਹੋਈਆਂ ਦੋਵੇਂ ਲੱਤਾਂ ਧਰਤੀ ਤੇ ਗੱਡੇ ਕਿੱਲਿਆਂ ਵਾਂਗ ਜਾਪਦੀਆਂ ਸਨ, ਜਿਨ੍ਹਾਂ ਵਿੱਚੋਂ ਕੁੱਬੀ ਪਿੱਠ ਵਾਲਾ ਉਸਦੇ ਸ਼ਰੀਰ ਦਾ ਉਪਰਲਾ ਹਿੱਸਾ ਅੱਗੇ ਵੱਲ ਝੁਕਿਆ ਹੋਇਆ ਸੀ। ਹੱਥਾਂ ਤੋਂ ਇਲਾਵਾ ਉਸਦੇ ਸ਼ਰੀਰ ਦਾ ਕੋਈ ਵੀ ਅੰਗ ਹਰਕਤ ਨਹੀਂ ਸੀ ਕਰ ਰਿਹਾ।

ਉਸਦੀ ਧੀਮੀ ਰਫਤਾਰ ਵੇਖ ਕੇ ਰਮੇਸ਼ ਕੁਮਾਰ ਨੇ ਪੱਕਿਆਂ ਕਰਨ ਲਈ ਇੱਕ ਵਾਰ ਫਿਰ ਪੁੱਛਣ ਦੇ ਲਹਿਜੇ 'ਚ ਕਿਹਾ, "ਮੈਨੂੰ ਲੱਗਦੈ, ਟਾਇਮ ਲੱਗੂ!"

"ਟੈਮ ਤਾਂ ਜੀ ਲੱਗੂਗਾ ਈ... ਬਹਿ-ਜੋ... ਤੁਸੀਂ!" ਬੁੱਢੇ ਨੇ ਨਾਲ ਵਿਛੀ ਬੋਰੀ ਵੱਲ ਇਸ਼ਾਰਾ ਕੀਤਾ, ਪਰ ਐਡਵੋਕੇਟ ਸਾਹਿਬ ਨੇ ਅਣਗੌਲਿਆਂ ਕਰ ਦਿੱਤਾ।

ਸਮਾਂ ਲੰਘਾਉਣ ਲਈ ਉਸਨੇ ਬੁੱਢੇ ਵੱਲ ਵੇਖਦਿਆਂ ਵਿਚਾਰਾਂ ਦੀ ਲੜੀ ਨੂੰ ਇੱਕ ਵਾਰ ਫਿਰ ਗੇੜਾ ਦਿੱਤਾ, "ਜ਼ਮਾਨਾ ਲੰਘ ਗਿਆ, ਇਹ ਬੁੜ੍ਹਾ ਉਵੇਂ ਦਾ ਉਵੇਂ ਈ ਐ.... ਨਾ ਮੁਰਝਾਇਆ, ਨਾ ਫਲਿਆ!" ਰਮੇਸ਼ ਕੁਮਾਰ ਨੂੰ ਕਚਹਿਰੀ 'ਚ ਆਪਣੇ ਸ਼ੁਰੂਆਤੀ ਦਿਨ ਯਾਦ ਆ ਗਏ।

ਉਦੋਂ ਉਸਨੇ ਆਪਣੇ ਉਸਤਾਦ ਵਕੀਲ ਅਧੀਨ ਕੰਮ ਕਰਨਾ ਸ਼ੁਰੂ ਕੀਤਾ ਸੀ। ਇਹ ਉਹ ਦਿਨ ਸਨ, ਜਦੋਂ ਉਹਨੂੰ ਕਚਹਿਰੀ 'ਚ ਧੱਕੇ ਖਾਂਦੇ ਲੋਕਾਂ ਤੇ ਤਰਸ ਆਉਂਦਾ ਸੀ। ਫਿਰ ਹੌਲੀ-ਹੌਲੀ ਉਸਨੂੰ ਆਦਤ ਹੋ ਗਈ ਸੀ। ਰਮੇਸ਼ ਕੁਮਾਰ, ਰਮੇਸ਼ ਤੋਂ ਐਡਵੋਕੇਟ ਰਮੇਸ਼ ਕੁਮਾਰ ਦੇ ਤੌਰ ਤੇ ਸਥਾਪਿਤ ਹੋ ਗਿਆ। ਹੁਣ ਉਸਦੇ ਗ੍ਰਾਹਕਾਂ ਵਿੱਚ ਜ਼ਿਲ੍ਹੇ ਦੇ ਧਨਾਢ ਤੇ ਸ਼ੋਹਰਤ ਵਾਲੇ ਲੋਕ ਸ਼ਾਮਿਲ ਸਨ-ਕਈ ਅਮੀਰ ਵਪਾਰੀ, ਕਈ ਗਰੁੱਪ 'ਏ' ਅਫ਼ਸਰ ਤੇ ਇਲਾਕੇ ਦੇ ਕਈ ਸਿਰਕੱਢ ਨੇਤਾ।... ਕਿੰਨਾ ਕੁੱਝ ਬਦਲ ਗਿਆ ਸੀ... ਕਚਹਿਰੀ ਦਾ ਗੇਟ ਨਵਾਂ ਬਣ ਗਿਆ ਸੀ... ਬਾਹਰ ਨਵੀਆਂ ਦੁਕਾਨਾਂ ਬਣ ਗਈਆਂ ਸਨ।

"...ਪਰ ਇਹ ਬੁੜ੍ਹਾ ਉਵੇਂ ਦਾ ਉਵੇਂ ਐ...!"

ਵਿਚਾਰਾਂ ਦੀ ਲੜੀ ਬੁੱਢੇ ਵੱਲ ਮੁੜ ਪਰਤਦਿਆਂ ਹੀ ਉਸਨੂੰ ਆਪਣੀ ਥਕਾਵਟ ਦਾ ਅਹਿਸਾਸ ਹੋਇਆ। ਅੱਜ ਫਿਰ ਉਹ ਰੋਜ਼ ਵਾਂਗ ਸਵੇਰ ਤੋਂ ਵਿਅਸਤ ਰਿਹਾ ਸੀ। ਇੱਕ ਤੋਂ ਬਾਅਦ ਦੂਜੀ ਪੇਸ਼ੀ, ਇੱਕ ਤੋਂ ਬਾਅਦ ਦੂਜਾ ਗ੍ਰਾਹਕ-ਉਸਨੇ ਸ਼ਾਮ ਨੂੰ 'ਭਾਰਤੀ ਸੰਵਿਧਾਨ ਵਿੱਚ ਸਮਾਜਵਾਦ' ਵਿਸ਼ੇ ਤੇ ਇੱਕ ਸੈਮੀਨਾਰ 'ਚ ਬੋਲਣਾ ਸੀ। ਇੱਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਸੈਮੀਨਾਰ ਦੀ ਪ੍ਰਧਾਨਗੀ ਕਰਨੀ ਸੀ। ਬੋਲਣ ਲਈ ਥੋੜ੍ਹੀ ਬਹੁਤ ਤਿਆਰੀ ਵੀ ਜ਼ਰੂਰੀ ਸੀ।

ਉਸ ਤੋਂ ਪਹਿਲਾਂ ਹਾਲੀਂ ਬਾਰ ਐਸੋਸੀਏਸ਼ਨ ਦੇ ਇੱਕ ਮੈਂਬਰ ਦੀ ਕੁੜੀ ਦੇ ਵਿਆਹ ਤੇ ਜਾਣਾ ਬਾਕੀ ਸੀ। ਇਸੇ ਭੱਜ-ਨੱਠ ਦੌਰਾਨ ਉਸਨੂੰ ਆਪਣੇ ਇੱਕ ਬੂਟ ਦੀ ਪਾਸੇ ਤੋਂ ਸਿਲਾਈ ਉਧੜਦੀ ਦਿਖਾਈ ਦਿੱਤੀ। ਘਰ ਜਾ ਕੇ ਬੂਟ ਬਦਲਣ ਦਾ ਸਮਾਂ ਹੈ ਨਹੀਂ ਸੀ।

"ਬੋਰੀ 'ਤੇ ਬਹਿਣ 'ਚ ਵੀ ਕੀ ਹਰਜ਼ ਐ!" ਉਸਦੇ ਥੱਕੇ ਜਾ ਰਹੇ ਮਨ ਨੇ ਆਵਾਜ਼ ਦਿੱਤੀ। ਨਾਲ ਹੀ ਉਸਦੇ ਅੰਦਰਲੇ ਵਿਦਵਾਨ ਨੇ ਸਾਥ ਦਿੱਤਾ, "ਇਹ ਵੀ ਤਾਂ ਮੇਰੇ ਵਰਗਾ ਈ ਇਨਸਾਨ ਐ!"... ਉਸਨੂੰ ਕਾਲਜ ਦੇ ਦਿਨ ਯਾਦ ਆ ਗਏ, ਜਦੋਂ ਉਹ ਦੋਸਤਾਂ ਨਾਲ ਕਿਸੇ ਖੋਖੇ ਅੱਗੇ ਪਏ ਬੈਂਚ ਤੇ ਬੈਠ ਕੇ ਚਾਹ ਦੀਆਂ ਚੁਸਕੀਆਂ ਲਿਆ ਕਰਦਾ ਸੀ। ਨਾਲ ਹੀ ਕਾਰਲ ਮਾਰਕਸ ਤੇ ਲੈਨਿਨ ਦੀਆਂ ਲਿਖਤਾਂ ਤੇ ਵਿਚਾਰ-ਵਟਾਂਦਰਾ ਕਰਿਆ ਕਰਦਾ ਸੀ।...

ਉਸਨੇ ਆਲ਼ੇ-ਦੁਆਲ਼ੇ ਨਿਗ੍ਹਾ ਮਾਰੀ। ਬੈਠਣ ਲਈ ਕੁਝ ਨਾ ਦਿਸਿਆ। ਚਾਹ ਦੀ ਦੁਕਾਨ ਅੱਗੇ ਕੁਝ ਬੈਂਚ ਪਏ ਸੀ, ਪਰ ਉਹ ਦੂਰ ਸਨ।

ਸਾਹਮਣੇ ਸਿਰਫ਼ ਸੜਕ, ਤੇ ਉਸ ਤੇ ਚਲਦੀ ਆਵਾਜਾਈ ਸੀ।

ਸੜਕ ਦੇ ਉਸ ਪਾਰ ਕਚਹਿਰੀ ਦਾ ਗੇਟ, ਤੇ ਗੇਟ ਨਾਲ ਦੀ ਦੀਵਾਰ 'ਚ ਵਕੀਲਾਂ ਦੇ ਚੈਂਬਰਾਂ ਦੀਆਂ ਖਿੜਕੀਆਂ ਸਨ। ਇਸ ਪਾਰ ਸਿਰਫ਼ ਦਰਖ਼ਤ ਸੀ, ਤੇ ਨੀਚੇ ਵਿਛੀ ਇੱਕੀ ਬੋਰੀ, ਜਿਸਦੇ ਅੱਧ 'ਚ ਇਹ ਬੁੱਢਾ ਬੈਠਾ ਜੁੱਤੀਆਂ ਗੰਢ ਰਿਹਾ ਸੀ।

ਰਮੇਸ਼ ਕੁਮਾਰ ਨੇ ਇੱਕ ਵਾਰ ਫਿਰ ਬੋਰੀ ਵੱਲ ਵੇਖਿਆ, ਪਰ ਛੇਤੀ ਹੀ ਉਸ ਤੋਂ ਮੂੰਹ ਘੁੰਮਾ ਲਿਆ। "ਹੋਰ ਕਿੰਨਾ ਕੁ ਟਾਇਮ ਲੱਗੂ, ਬਾਬਾ?"

"ਦੋਵੇਂ ਪਾਸੇ ਆਰਾਮ ਨਾਲ ਕਰਕੇ ਕੰਮ ਕਰਕੇ ਦਊਂਗਾ, ਜੀ! ਬੂਟ ਦੀਆਂ ਸਲਾਈਆਂ ਉਧੜਨ ਨੂੰ ਫਿਰਦੀਆਂ ਨੇ! ਜੇ ਠੀਕ ਨਾ ਕੀਤਾ, ਤਾਂ ਚਲਦੇ-ਫਿਰਦੇ ਉਧੜ ਜਾਣਗੀਆਂ!........ ਤੁਸੀਂ ਬੈਠੋ ਥੋੜ੍ਹੀ ਦੇਰ!"

ਬੁੱਢੇ ਦਾ ਆਤਮ-ਵਿਸ਼ਵਾਸ ਵੇਖ ਕੇ ਰਮੇਸ਼ ਕੁਮਾਰ ਅਗਲੀ ਗੱਲ ਕਹਿ ਨਾ ਸਕਿਆ-"ਟਾਇਮ ਤਾਂ ਹੈ ਨੀ ਮੇਰੇ ਕੋਲ!"

ਇਸ ਵਾਰ ਜਦੋਂ ਤੋਂ ਉਹ ਜ਼ਿਲ੍ਹਾ ਬਾਰ ਐਸੋਸੀਏਸ਼ਨ ਦਾ ਸੰਯੁਕਤ ਸਕੱਤਰ ਚੁਣਿਆ ਗਿਆ ਸੀ, ਉਸਦੇ ਇਹ ਖ਼ਾਸ ਸ਼ਬਦ ਸਨ। ਹੁਣ ਕਚਹਿਰੀ 'ਚ ਕੰਮ

ਕਰਦਾ ਹਰੇਕ ਵਿਅਕਤੀ ਇਹ ਸਮਝਦਾ ਸੀ ਕਿ ਉਸਨੂੰ ਰੋਜ਼ ਕਿੰਨੇ ਵਕੀਲਾਂ, ਜ਼ਿਲ੍ਹੇ ਦੇ ਜੱਜਾਂ, ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਅਤੇ ਰਾਜਨੀਤਿਕ ਨੇਤਾਵਾਂ ਨੂੰ ਮਿਲਣਾ ਪੈਂਦਾ ਸੀ।....... "ਸਿਰਫ਼ ਇਹ ਬੁੜ੍ਹਾ ਈ ਨੀ ਸਮਝ ਰਿਹਾ!"

ਰਮੇਸ਼ ਕੁਮਾਰ ਲਈ ਖੜ੍ਹਨਾ ਔਖਾ ਹੁੰਦਾ ਜਾ ਰਿਹਾ ਸੀ।

ਅਖੀਰ, ਝਿਜਕਦਿਆਂ-ਝਿਜਕਦਿਆਂ ਉਹ ਕੋਟ ਨੂੰ ਬਚਾਉਂਦਾ ਹੋਇਆ ਬੋਰੀ ਤੇ ਬੈਠ ਗਿਆ। ਉਸਦੇ ਸ਼ਰੀਰ ਨੂੰ ਕੁਝ ਆਰਾਮ ਮਹਿਸੂਸ ਹੋਇਆ।

ਉਸਨੇ ਸੜਕ ਦੀ ਆਵਾਜਾਈ ਤੇ ਨਜ਼ਰ ਮਾਰੀ। ਉਸਨੂੰ ਆਪਣੀ ਜਾਣ-ਪਛਾਣ ਵਾਲਾ ਕੋਈ ਨਾ ਦਿਸਿਆ।

..."ਕੀ ਪਤੈ, ਕੋਈ ਮੈਨੂੰ ਜਾਣਨ ਵਾਲਾ ਵੇਖ ਈ ਨਾ ਲਵੇ!" ਜਦੋਂ ਤੋਂ ਉਹ ਬਾਰ ਦਾ ਅਹੁਦੇਦਾਰ ਬਣਿਆ ਸੀ, ਉਦੋਂ ਤੋਂ ਕਈ ਵਾਰ ਅਜਿਹੇ ਲੋਕ ਵੀ ਉਸਨੂੰ ਲੰਘਦੇ-ਟੱਪਦੇ ਨਮਸਤੇ ਬੁਲਾ ਜਾਂਦੇ ਸਨ, ਜਿਨ੍ਹਾਂ ਦੀ ਉਹ ਸ਼ਕਲ ਤੱਕ ਨਹੀਂ ਪਛਾਣਦਾ ਸੀ। "ਨਾਲ਼ੇ, ਜੇ ਚੈਂਬਰਾਂ ਦੀਆਂ ਖਿੜਕੀਆਂ 'ਚੋਂ ਕਿਸੇ ਵਕੀਲ ਨੇ ਵੇਖ ਲਿਆ ਤਾਂ...?" ਉਸਨੂੰ ਧਿਆਨ ਆਇਆ ਕਿ ਕਮਰੇ ਦੀ ਖਿੜਕੀ ਤੋਂ ਸੜਕ ਤਾਂ ਦਿਸਦੀ ਸੀ, ਪਰ ਬਾਹਰੋਂ ਸੂਰਜ ਦੀ ਰੋਸ਼ਨੀ ਕਰਕੇ ਅੰਦਰ ਕੁਝ ਨਹੀਂ ਸੀ ਦਿਸਦਾ।

ਦੂਜੇ ਹੀ ਪਲ ਉਸਨੂੰ ਆਤਮਾ-ਗਿਲਾਨੀ ਮਹਿਸੂਸ ਹੋਈ, "... ਕੀ ਫਾਇਦਾ ਲੋਕਾਂ ਲਈ ਸੰਘਰਸ਼ ਕਰਨ ਦਾ... ਜੇ ਅਸੀਂ ਬੁੱਧੀਜੀਵੀ ਲੋਕ ਹੀ ਇਹਨਾਂ ਨੂੰ ਆਪਣੇ ਬਰਾਬਰ...," ਤੇ ਉਸਨੂੰ ਬਾਕੀ ਵਕੀਲਾਂ ਨਾਲ ਕੀਤੀਆਂ ਹੜਤਾਲਾਂ ਚੇਤੇ ਆ ਗਈਆਂ। ਉਸਦਾ ਗਰੁੱਪ ਬਾਰ ਦੇ ਅੰਦਰ ਤੇ ਬਾਹਰ ਵਕੀਲਾਂ ਦੇ ਹੱਕਾਂ ਲਈ ਲੜਨਾ ਆਪਣਾ ਮਿਸ਼ਨ ਸਮਝਦਾ ਸੀ।...

ਕੋਲੇ ਆ ਕੇ ਰੁਕੀ ਲਗਜ਼ਰੀ ਕਾਰ ਨੇ ਉਸਦੇ ਖਿਆਲਾਂ ਦੀ ਲੜੀ ਤੋੜ ਦਿੱਤੀ। ਰਮੇਸ਼ ਕੁਮਾਰ ਦਾ ਦਿਲ ਕੰਬਿਆ।

"ਬਾਈ ਜੀ, ਏਹ ਸੜਕ ਬਸ ਸਟੈਂਡ ਜਾਊ?"

..."ਸ਼ੁਕਰ ਐ, ਜਾਣ-ਪਛਾਣ ਵਾਲਾ ਨਹੀਂ!"

...ਕਾਰ ਵਾਲੇ ਨੇ ਇੱਕ ਵਾਰ ਫਿਰ ਆਪਣੇ ਸ਼ਬਦ ਦੁਹਰਾਏ।

ਰਮੇਸ਼ ਕੁਮਾਰ ਦੇ ਅੰਦਰੋਂ ਕੁਝ ਸ਼ਬਦ ਉੱਠੇ, "... ਮੈਂ ਸ਼ਹਿਰ ਦਾ ਸਿਰਕੱਢ ਵਕੀਲ ਆਂ... ਤੇ ਬਾਰ ਐਸੋਸੀਏਸ਼ਨ ਦਾ ਅਹੁਦੇਦਾਰ! ਮੇਰਾ ਕੰਮ ਰਸਤਾ ਦੱਸਣਾ ਥੋੜ੍ਹਾ ਈ ਆ!.... ਤੈਨੂੰ ਏਨਾ ਈ ਸਮਝ ਲੈਣਾ ਚਾਹੀਦੈ!"

ਪਰ ਸ਼ਬਦ ਉਸਦੇ ਗਲ਼ੇ ਤੋਂ ਈ ਵਾਪਿਸ ਮੁੜ ਗਏ।

ਉਸਨੂੰ ਸ਼ੈਸ਼ਨ ਜੱਜ ਦੇ ਕਮਰੇ 'ਚ ਪੀਤੀ ਕੌਫੀ ਯਾਦ ਆ ਗਈ। ਸੇਵਾਦਾਰ ਦੇ ਹੱਥ ਤੇ ਸਫੈਦ ਦਸਤਾਨੇ ਚੜ੍ਹਾਏ ਹੋਏ ਸਨ। ਨਾਲ਼ ਹੀ ਉਸਨੂੰ ਆਪਣੇ ਡਰਾਈਂਗ ਰੂਮ 'ਚ ਮੇਅਰ ਨਾਲ ਪੀਤੀ ਚਾਹ ਯਾਦ ਆ ਗਈ...... ਨਾਲ਼ ਹੀ ਇੱਕ ਪਾਰਟੀ 'ਚ ਡੀ. ਐਸ. ਪੀ. ਵੱਲੋਂ ਉਸਨੂੰ ਮਠਿਆਈ ਪੇਸ਼ ਕਰਨਾ... ਤਹਿਸੀਲਦਾਰ ਨਾਲ ਮੀਟਿੰਗ...!

ਐਡਵੋਕੇਟ ਉੱਠ ਕੇ ਖੜ੍ਹਾ ਹੋ ਗਿਆ, ਤੇ ਉਸਨੇ ਮੂੰਹ ਦੂਜੇ ਪਾਸੇ ਫੇਰ ਲਿਆ।

ਕਾਰ ਦਾ ਡਰਾਈਵਰ ਸ਼ੀਸ਼ਾ ਚੜ੍ਹਾ ਕੇ ਅੱਗੇ ਲੰਘ ਗਿਆ।

ਰਮੇਸ਼ ਕੁਮਾਰ ਨੂੰ ਬੁੱਢੇ ਦੇ ਧੀਮੇ ਚਲਦੇ ਹੱਥਾਂ ਤੇ ਖਿਝ ਆ ਗਈ, "ਹੋ ਗਿਆ!..."

"ਹੋ ਗਿਆ, ਜੀ, ਹੋ ਗਿਆ!"

ਉਸਨੇ ਬੂਟ ਉਸ ਅੱਗੇ ਕਰ ਦਿੱਤਾ।

"ਕਿੰਨੇ ਰੁਪਏ?"

"ਦਸ ਰੁਪਏ, ਜੀ!"

ਉਸਨੇ ਦਸ ਦਾ ਨੋਟ ਕੱਢਿਆ, ਤੇ ਬੁੱਢੇ ਅੱਗੇ ਕਰ ਦਿੱਤਾ।

ਬੁੱਢੇ ਨੇ ਨੋਟ ਮੱਥੇ ਨੂੰ ਲਾ ਕੇ ਬੋਰੀ ਹੇਠਾਂ ਦੱਬ ਲਿਆ। ਰਮੇਸ਼ ਕੁਮਾਰ ਨੇ ਦੁਬਾਰਾ ਫਿਰ ਉਸਦੀ ਹਾਲਤ ਤੇ ਧਿਆਨ ਨਾਲ ਨਜ਼ਰ ਮਾਰੀ। ਤੁਰਨ ਲੱਗਿਆਂ ਉਸਦੇ ਪੈਰ ਰੁਕ ਗਏ।

ਉਸਨੇ ਬਟੂਏ 'ਚੋਂ ਦਸ ਦਾ ਇੱਕ ਨੋਟ ਹੋਰ ਕੱਢਿਆ ਤੇ ਬੁੱਢੇ ਅੱਗੇ ਕਰ ਦਿੱਤਾ।

ਬੁੱਢੇ ਨੇ ਪ੍ਰਸ਼ਨ ਭਰੀਆਂ ਨਜ਼ਰਾਂ ਨਾਲ ਉਸ ਵੱਲ ਵੇਖਿਆ।

"ਕੰਮ ਵਧੀਆ ਕੀਤੈ! ਟਿਪ ਐ ਤੇਰੀ!"

ਨੋਟ ਫੜਾ ਕੇ ਉਹ ਕਾਹਲ਼ੇ ਕਦਮੀਂ ਕਚਹਿਰੀ ਦੇ ਗੇਟ ਵੱਲ ਤੁਰ ਪਿਆ।

# ਜਮੀਲਾਂ

"ਆਲੂ ਲੈ, ਪਿਆਜ ਲੈ, ਗੋਭੀ ਲੈ..... ਭਾਅਅਅਈਈ...!" ਸਬਜ਼ੀ ਵਾਲੇ ਦਾ ਹੋਕਾ ਸੁਣ ਕੇ ਜਮੀਲਾਂ ਦਾ ਧਿਆਨ ਉਧਰ ਚਲਿਆ ਗਿਆ।

ਜਮੀਲਾਂ ਇਸ 'ਭਾਈ' ਤੋਂ ਸਬਜ਼ੀ ਲੈ ਕੇ ਖ਼ੁਸ਼ ਨਹੀਂ ਸੀ, ਪਰ ਦੁਪਹਿਰ ਲਈ ਸਬਜ਼ੀ ਹਾਲੀਂ ਤੱਕ ਲਿਆਂਦੀ ਨਹੀਂ ਸੀ ਗਈ।

ਇਹ ਸਬਜ਼ੀ ਵਾਲਾ ਸਬਜ਼ੀ ਮਹਿੰਗੀ ਵੇਚਦਾ ਸੀ। ਉੱਪਰੋਂ ਆਕੜ ਸਿਖਰਾਂ ਦੀ! ਗ੍ਰਾਹਕ ਛੱਡ ਦਿੰਦਾ, ਪਰ ਇੱਕ ਪੈਸਾ ਘੱਟ ਨਾ ਕਰਦਾ! ਇਸੇ ਕਰਕੇ ਜਨਾਨੀਆਂ ਨਾਲ ਉਸ ਦੀ ਰੋਜ਼ਾਨਾ ਝੜਪ ਹੁੰਦੀ ਸੀ।

ਪਰ ਜਨਾਨੀਆਂ ਦੀ ਮਜਬੂਰੀ ਸੀ ਕਿ ਰੋਜ਼ਾਨਾ ਮੰਡੀਉਂ ਜਾਂ ਬਜ਼ਾਰੋਂ ਸਬਜ਼ੀ ਲਿਆਉਣਾ ਉਹਨਾਂ ਲਈ ਔਖਾ ਕੰਮ ਸੀ। ਇਸੇ ਕਰਕੇ ਜਮੀਲਾਂ ਤੇ ਮੁਹੱਲੇ ਦੀਆਂ ਹੋਰ ਔਰਤਾਂ, ਨਾਲੇ ਤਾਂ ਉਸ ਤੋਂ ਸਬਜ਼ੀ ਖ਼ਰੀਦ ਲੈਂਦੀਆਂ, ਤੇ ਨਾਲੇ, ਪਿੱਠ ਪਿੱਛੇ ਉਸ ਨੂੰ ਮੰਦਾ-ਚੰਗਾ ਬੋਲਦੀਆਂ।

ਜਮੀਲਾਂ ਸਬਜ਼ੀ ਲੈਣ ਲਈ ਹਾਲੀਂ ਬਾਹਰ ਜਾਣ ਬਾਰੇ ਸੋਚ ਹੀ ਰਹੀ ਸੀ ਕਿ ਉਸਦੀ ਵਿਚਕਾਰਲੀ ਦਰਾਣੀ ਦੀ ਆਵਾਜ਼ ਉਸ ਦੇ ਕੰਨਾਂ 'ਚ ਪਈ। ਸ਼ਾਇਦ ਉਹ ਸਬਜ਼ੀ ਲੈਣ ਲਈ ਬਾਹਰ ਨਿਕਲੀ ਸੀ। ਇਸ ਲਈ ਜਮੀਲਾਂ ਕੁਝ ਦੇਰ ਲਈ ਰੁਕ ਗਈ।

ਇਹ ਜਮੀਲਾਂ ਦੀ ਰੋਜ਼ ਦੀ ਸਮੱਸਿਆ ਸੀ। ਉਸ ਦੀ ਇਹ ਦਰਾਣੀ ਮਕਾਨ ਦੇ ਦੂਜੇ ਹਿੱਸੇ ਵਿੱਚ ਰਹਿੰਦੀ ਸੀ ਤੇ ਜਮੀਲਾਂ ਉਸਦੇ ਮੱਥੇ ਲੱਗਣ ਤੋਂ ਹਮੇਸ਼ਾ ਬਚਦੀ ਰਹਿੰਦੀ ਸੀ।

ਜਿਸ ਦਿਨ ਦਾ ਵੰਡ-ਵੰਡਈਆ ਹੋਇਆ ਸੀ, ਜਮੀਲਾਂ ਮੁਰਝਾਈ-ਮੁਰਝਾਈ ਰਹਿਣ ਲੱਗ ਪਈ ਸੀ। ਬੇਗਾਨਿਆਂ ਨੇ ਤਾਂ ਜੋ ਕਰਨਾ ਸੀ, ਜਮੀਲਾਂ ਨੂੰ ਦੁੱਖ ਤਾਂ ਆਪਣਿਆਂ ਤੋਂ ਸੀ।

ਜਮੀਲਾਂ ਕੁੜ੍ਹਦੀ ਰਹਿੰਦੀ ਸੀ ਕਿ ਬੁੱਢੇ ਦੀ ਗਰਦਨ ਆਕੜ 'ਚ ਨੀਵੀਂ ਨਹੀਂ ਸੀ ਹੁੰਦੀ। ਉਸ ਨੂੰ ਵੇਖਦਿਆਂ ਹੀ ਜਮੀਲਾਂ ਅੰਦਰ ਅੱਗ ਲੱਗ ਜਾਂਦੀ ਸੀ। ਜਦੋਂ ਉਹ ਹਰ ਆਏ-ਗਏ ਕੋਲ ਆਪਣੇ ਇਨਸਾਫ਼ ਤੇ ਸਫਲ ਕਬੀਲਦਾਰੀ ਦਾ ਜ਼ਿਕਰ ਕਰਦਾ, ਤਾਂ ਜਮੀਲਾਂ ਦੇ ਸਬਰ ਦਾ ਪਿਆਲਾ ਛਲਕਣ ਨੂੰ ਆਉਂਦਾ। ਇੱਕ ਰੱਬ ਦਾ ਖ਼ੌਫ ਹੀ ਸੀ, ਜਿਸ ਨੇ ਉਸ ਨੂੰ ਰੋਕ ਰੱਖਿਆ ਸੀ।

ਬੁੱਢੀ ਤੋਂ ਵੀ ਜਮੀਲਾਂ ਨੂੰ ਜਿੰਨੀਆਂ ਉਮੀਦਾਂ ਸਨ, ਉਹਨਾਂ ਤੇ ਵੀ ਪਾਣੀ ਫਿਰ ਚੁੱਕਿਆ ਸੀ। ਵਿਚਕਾਰਲੀ ਨੂੰਹ ਦੇ ਉਹ ਗੁਣ ਗਾਉਂਦੀ ਨਹੀਂ ਸੀ ਥੱਕਦੀ। ਸ਼ਾਇਦ ਇਸ ਕਰਕੇ, ਕਿਉਂਕਿ ਉਸ ਨੇ ਰੋਟੀ ਉਸੇ ਤੋਂ ਲੈਣੀ ਸੀ।

ਪਰ ਜਮੀਲਾਂ ਨੂੰ ਜ਼ਿਆਦਾ ਦੁੱਖ ਤਾਂ ਖੁਦ ਦੇ ਪਰਿਵਾਰ ਤੋਂ ਸੀ। ਔਰਤ ਨੂੰ ਜ਼ਿਆਦਾ ਉਮੀਦ ਜਿੱਥੋਂ ਹੁੰਦੀ ਹੈ, ਉਹ ਉਥੋਂ ਵੀ ਨਿਰਾਸ਼ ਹੋ ਚੁੱਕੀ ਸੀ। ਉਹ ਆਪਣੇ ਘਰ ਵਾਲੇ ਬਾਰੇ ਬੁੜਬੁੜਾਉਂਦੀ ਰਹਿੰਦੀ, "ਇਹ ਵੀ ਘੁੱਗੂ ਦਾ ਘੁੱਗੂ ਈ ਰਿਹਾ! ਸਾਰੀ ਉਮਰ ਧੰਦ ਪਿੱਟਦਿਆਂ ਦੀ ਲੰਘ ਗੀ, ਪਰ ਬੁੜ੍ਹੇ ਅੱਗੇ ਮਾੜ੍ਹਾ ਜਿਹਾ ਚੁਰਕ ਵੀ ਨਾ ਸਕਿਆ!....... ਉੱਪਰੋਂ ਬੁੜ੍ਹੇ ਦਾ ਸਿਆਪਾ ਆਪਣੇ ਗਲ਼ ਪਾ ਲਿਆ!...... ਐਦੋਂ ਤਾਂ ਛੋਟੀ ਚੰਗੀ ਰਹੀ, ਐਥੋਂ ਨਿਕਲ ਕੇ ਆਪਣਾ ਮਕਾਨ ਤਾਂ ਖਰੀਦ ਲਿਆ! ਨਾ ਕਿਸੇ ਦਾ ਫਿਕਰ, ਨਾ ਫਾਕਾ!"

ਉਸਦੀ ਔਲਾਦ ਵੀ ਕੁਝ ਜ਼ਿਆਦਾ ਹੀ ਚੰਗੀ ਬਣਨ ਦੀ ਕੋਸ਼ਿਸ਼ ਕਰ ਰਹੀ ਸੀ। ਦੋਵੇਂ ਵੱਡੇ ਕੁੜੀ ਤੇ ਮੁੰਡਾ ਫੈਸਲੇ ਨਾਲ ਖ਼ੁਸ਼ ਸਨ। ਇਸੇ ਕਰਕੇ ਉਹ ਬੁੱਢਾ-ਬੁੱਢੀ ਦੇ ਚਹੇਤੇ ਬਣੇ ਹੋਏ ਸਨ! ...... ਤੇ ਛੋਟੇ ਨੂੰ ਇਹਨਾਂ ਗੱਲਾਂ ਦਾ ਪਤਾ ਹੀ ਕੀ ਹੋਣਾ ਸੀ।

ਜਮੀਲਾਂ ਸਾਰਿਆਂ ਨੂੰ ਸਮਝਾ-ਸਮਝਾ ਥੱਕ ਗਈ ਸੀ, ਪਰ ਕੋਈ ਫਾਇਦਾ ਨਾ ਹੋਇਆ। "ਆਹੋ! ਇਹ ਤਾਂ, ਫੇਰ, ਉਹਨਾਂ ਦਾ ਆਪਣਾ ਖ਼ੂਨ ਐ ਨਾ!..... ਮੈਂ ਈ ਲਿਆਂਦੀ ਹੋਈ ਆਂ! ਸਾਰਾ ਖਾਨਦਾਨ ਈ ਇੱਕੋ ਜਿਹੈ!" ਸੋਚ-ਸੋਚ ਉਹ ਕੁੜ੍ਹਦੀ ਰਹਿੰਦੀ।

ਜਮੀਲਾਂ ਅਖੀਰ ਹੰਭ ਕੇ ਬੈਠ ਗਈ ਸੀ। ਪਰ ਉਸ ਅੰਦਰਲੇ ਗ਼ੁਬਾਰ ਨੇ ਉਸ ਦਾ ਜਿਉਣਾ ਔਖਾ ਕੀਤਾ ਹੋਇਆ ਸੀ। ਉਹ ਇਸ ਪਰਿਵਾਰ ਲਈ ਆਪਣੇ ਹੱਥੀਂ ਬਣਾਈਆਂ ਮਣ-ਮਣ ਰੋਟੀਆਂ ਕਿਵੇਂ ਭੁੱਲ ਸਕਦੀ ਸੀ? ਮੱਝਾਂ ਦਾ ਗੋਹਾ-ਕੂੜਾ, ਸਾਰੇ ਟੱਬਰ ਲਈ ਧੋਤੇ ਮੈਲੇ ਕੱਪੜੇ, ਢੇਰਾਂ ਦੇ ਢੇਰ ਜੂਠੇ ਭਾਂਡੇ-ਫਜਰ ਤੋਂ ਲੈ ਕੇ ਰਾਤ ਤੱਕ ਸਾਹ ਨਹੀਂ ਸੀ ਆਉਂਦਾ ਹੁੰਦਾ! ਨਾ ਉਸ ਨੇ, ਨਾ ਵਿਚਾਰੇ ਉਸ ਦੇ ਘਰ ਵਾਲੇ ਨੇ, ਕਦੇ ਚੰਗੇ ਕੱਪੜੇ ਪਾ ਕੇ ਵੇਖੇ ਸੀ। ਜਵਾਨੀ ਕਦੋਂ ਲੰਘ ਗਈ, ਪਤਾ ਤੱਕ ਨਾ ਚੱਲਿਆ।

ਪਰ ਇਸ ਦੁਨੀਆਂ ਵਿੱਚ ਕੋਈ ਨਹੀਂ ਸੀ, ਜੋ ਉਸ ਦੀ ਗੱਲ ਨੂੰ ਸਮਝ ਸਕਦਾ। ਪੇਕਿਆਂ ਨੂੰ ਉਹ ਖ਼ੁਦ ਹੀ ਇਸ ਝੰਜਟ ਵਿੱਚ ਸ਼ਾਮਿਲ ਨਹੀਂ ਸੀ ਕਰਨਾ ਚਾਹੁੰਦੀ। ਉਹਨਾਂ ਨੂੰ ਕਿਹੜਾ ਪਹਿਲਾਂ ਗ਼ਮ-ਫਿਕਰ ਥੋੜ੍ਹੇ ਸਨ।

ਹੁਣ ਉਸ ਨੂੰ ਸਾਰੀ ਦੁਨੀਆ ਭੈੜੀ-ਭੈੜੀ ਲੱਗਦੀ ਸੀ। ਇਥੇ ਹਰ ਕੋਈ ਆਪਣੇ-ਆਪਣੇ ਮਤਲਬ ਨੂੰ ਭੱਜਿਆ ਫਿਰਦਾ ਸੀ। ਇਨਸਾਨੀ ਹਮਦਰਦੀ ਤਾਂ ਸਿਰਫ਼ ਭੁਲੇਖਾ ਹੀ ਸੀ।

ਬਾਹਰੋਂ ਕੁਝ ਤੂੰ-ਤੂੰ ਮੈਂ-ਮੈਂ ਦੀ ਆਵਾਜ਼ ਆਈ। ਲੱਗਦਾ ਸੀ ਕਿ ਉਸ ਦੀ ਦਰਾਣੀ ਸਬਜ਼ੀ ਵਾਲੇ ਨਾਲ ਖਹਿਬੜ ਪਈ ਸੀ। ਆਵਾਜ਼ਾਂ ਦੇ ਵਿਸ਼ਲੇਸ਼ਣ ਤੋਂ ਜਮੀਲਾਂ ਨੇ ਅੰਦਾਜ਼ਾ ਲਾਇਆ ਕਿ ਉਹ ਸਬਜ਼ੀ ਲਏ ਵਗੈਰ ਹੀ ਮੁੜ ਆਈ ਸੀ। ਇਸ ਲਈ ਜਮੀਲਾਂ ਸਬਜ਼ੀ ਲੈਣ ਬਾਹਰ ਨਿਕਲੀ।

"ਏਸ ਪਰਿਵਾਰ ਨੂੰ ਤਾਂ, ਪਤਾ ਨ੍ਹੀਂ, ਕਾਹਦਾ ਹੰਕਾਰ ਹੋਇਐ!...... ਕੋਈ ਚੀਜ਼

ਨੱਕ ਹੇਠ ਨ੍ਹੀਂ ਆਉਂਦੀ......!" ਸਬਜ਼ੀ ਵਾਲਾ ਬੋਲ ਰਿਹਾ ਸੀ। ਲੱਗਦਾ ਸੀ ਕਿ ਜਮੀਲਾਂ ਦੀ ਦਰਾਣੀ ਉਸ ਦੀਆਂ ਗੁੱਸੇ ਭਰੀਆਂ ਗੱਲਾਂ ਸੁਣੇ ਬਿਨਾ ਹੀ ਚਲੀ ਗਈ ਸੀ। ਇਸ ਲਈ ਉਸ ਨੇ ਜਮੀਲਾਂ ਕੋਲ ਆਪਣੀ ਭੜਾਸ ਕੱਢੀ।

ਜਮੀਲਾਂ ਅੰਦਰਲੀ ਚੰਗਿਆੜੀ ਵੀ ਦਹਿਕ ਪਈ, "....... ਜਿਹਨੂੰ, ਭਾਈ, ਬਗੈਰ ਮੇਹਨਤ ਤੋਂ ਹਰਿਆਲੀ ਦਿਸਣ ਲੱਗ ਜੇ, ਆਈਂ ਹੁੰਦੈ......!"

ਲੱਗਦਾ ਸੀ ਜਿਵੇਂ ਸਬਜ਼ੀ ਵਾਲੇ ਨੂੰ ਉਸ ਦੇ ਬੋਲਾਂ ਨਾਲ ਸੰਤੁਸ਼ਟੀ ਮਿਲੀ ਸੀ, ਤੇ ਉਸ ਨੇ ਬੋਲਣਾ ਜਾਰੀ ਰੱਖਿਆ, "ਆਹੋ, ਭੈਣੇ! ਜੇ ਥੋਡੇ ਮਾਂਗ ਹੱਡ ਭੰਨ ਕੇ ਬਣਾਇਆ ਹੋਵੇ ਕੁਸ਼, ਤਾਂ ਤਾਂ ਹੈ......!"

"ਇਹ ਸਾਰੇ ਕਾਰੇ ਬੁੜ੍ਹੇ ਦੇ ਨੇ, ਵੀਰੇ," ਜਮੀਲਾਂ ਅੰਦਰ ਜੰਮੀ ਬਰਫ ਪਿਘਲ ਕੇ ਉਸ ਦੇ ਗਲ ਨੂੰ ਆ ਗਈ, "ਅਸੀਂ ਦੋਮੇਂ ਜੀਅ ਧੰਦ ਪਿੱਟਦੇ ਮਰ-ਗੇ! ਸਾਰੀ ਜੈਦਾਦ ਹੱਥੀਂ ਬਣਾਈ ਐ!...... ਵਚਕਾਰਲੇ ਨੇ ਕਦੇ ਡੱਕਾ ਨ੍ਹੀਂ ਤੋੜਿਆ, ਤੇ ਛੋਟਾ ਸਾਰੀ ਉਮਰ ਪੜ੍ਹਦਾ ਈ ਰਿਹੈ! ਸਾਰਾ ਖਰਚਾ ਅਸੀਂ ਚੱਕਿਆ! ਦੋਹਾਂ ਦੇ ਵਿਆਹ ਕੀਤੇ! ਭੈਣਾਂ ਦਾ ਸਾਰਾ ਕੁਸ਼ ਕੀਤਾ!...... ਫੇਰ..... ਹਿੱਸਾ ਇਹਨਾਂ ਦੋਹਾਂ ਨੂੰ ਬਰਾਬਰ ਦਾ!......... ਦੱਸ, ਅਸੀਂ ਤਾਂ ਆਪਣੇ ਨਿਆਣੇ ਨ੍ਹੀਂ ਕਦੇ ਚੰਗੀ ਤਰ੍ਹਾਂ ਚੱਕ ਕੇ ਦੇਖੇ!...."

"ਏਹ ਤਾਂ, ਭੈਣੇ, ਸਿਆਣਿਆਂ ਨੂੰ ਚਾਹੀਦੈ! 'ਗਾਂਹ ਜਾ ਕੇ ਬੁੜ੍ਹਾ-ਬੁੜ੍ਹੀ ਦੋਜਖ ਭੋਗਣਗੇ!......"

ਜਦੋਂ ਜਮੀਲਾਂ ਸਬਜ਼ੀ ਲੈ ਕੇ ਅੰਦਰ ਵੜੀ, ਤਾਂ ਹੌਲਾ-ਫੁੱਲ ਮਹਿਸੂਸ ਕਰ ਰਹੀ ਸੀ।

"ਇਹ ਸਬਜ਼ੀ ਆਲਾ ਭਾਈ ਤਾਂ ਬਹੁਤਾ ਈ ਚੰਗੈ! ਊਈਂ ਲੋਕ ਚੰਗੇ ਬੰਦੇ ਨੂੰ ਟਿਕਣ ਨੀਂ ਦੰਦੇ!" ਉਸ ਨੇ ਅੱਗੇ ਕਮਰੇ ਵਿੱਚ ਬੈਠੀ ਆਪਣੀ ਕੁੜੀ ਨੂੰ ਕਿਹਾ।

"ਆਕੜ ਦਾ ਤਾਂ ਫੂਕਿਆ ਪਿਐ!" ਕੁੜੀ ਦਾ ਇੱਕ-ਟੁੱਕ ਜਵਾਬ ਸੀ।

"ਆਕੜ ਵੀ ਤਾਂ ਉਸੇ 'ਚ ਹੋਊ, ਜਿਹਦੇ ਅੰਦਰ ਸੱਚਾਈ ਹੋਊ!.....," ਕਹਿੰਦੀ ਜਮੀਲਾਂ ਰਸੋਈ 'ਚ ਲੰਘ ਗਈ।

# ਨਵੇਂ ਗੁਆਂਢੀ

ਮਕਾਨ ਦੇ ਬਾਹਰ ਰਿਕਸ਼ਾ ਖੜ੍ਹਾ ਵੇਖ ਕੇ ਡਾਕਟਰ ਅੰਮ੍ਰਿਤਾ ਦਾ ਪਾਰਾ ਚੜ੍ਹ ਗਿਆ। ਮੱਥਾ ਤਾਂ ਉਸ ਦਾ ਉਦੋਂ ਹੀ ਠਣਕ ਗਿਆ ਸੀ, ਜਦੋਂ ਉਸ ਨੇ ਗਲੀ ਦੇ ਮੋੜ ਤੇ ਅਧਨੰਗੇ ਬੱਚੇ ਖੇਡਦੇ ਵੇਖੇ ਸਨ।

"ਸ਼ੀਲਾ ਆਅ! ...," ਉਸ ਨੇ ਆਪਣੇ ਘਰ ਅੰਦਰ ਦਾਖ਼ਲ ਹੁੰਦਿਆਂ ਹੀ ਨੌਕਰਾਣੀ ਨੂੰ ਆਵਾਜ਼ ਦਿੱਤੀ, "... ਨਾਲ ਦੇ ਮਕਾਨ ਵਿੱਚ ਕਿਰਾਏਦਾਰ ਕੌਣ ਆਇਐ?"

ਅੰਦਰੋਂ ਕੋਈ ਜਵਾਬ ਨਹੀਂ ਆਇਆ। ਸ਼ਾਇਦ ਸ਼ੀਲਾ ਹਾਲੀਂ ਆਈ ਨਹੀਂ ਸੀ, ਤੇ ਬੱਚੇ ਅੰਦਰ ਪੜ੍ਹ ਰਹੇ ਸਨ। ਬੁੜਬੁੜਾਉਂਦਿਆਂ ਅੰਮ੍ਰਿਤਾ ਕਮਰੇ ਵਿੱਚ ਵੜ ਗਈ।

ਜਦੋਂ ਤੋਂ ਨਾਲ ਵਾਲੇ ਨਵੇਂ ਮਕਾਨ ਦੀ ਮਾਲਕਣ ਤੋਂ ਅੰਮ੍ਰਿਤਾ ਨੂੰ ਪਤਾ ਲੱਗਿਆ ਸੀ ਕਿ ਉਹ ਮਕਾਨ ਨੂੰ ਕਿਰਾਏ ਤੇ ਚੜ੍ਹਾਉਣਗੇ, ਤਦੋਂ ਤੋਂ ਹੀ ਉਸ ਅੰਦਰ ਇੱਕ ਡਰ ਬੈਠ ਗਿਆ ਸੀ।

ਅੰਮ੍ਰਿਤਾ ਨੇ ਇਸ ਖੁੱਲ੍ਹੇ-ਡੁੱਲ੍ਹੇ ਮੁਹੱਲੇ ਵਿੱਚ ਮਕਾਨ ਇਸੇ ਲਈ ਖ਼ਰੀਦਿਆਂ ਸੀ ਤਾਂ ਜੋ ਉਹ ਸ਼ਹਿਰ ਦੇ ਰੌਲੇ-ਰੱਪੇ ਤੋਂ ਦੂਰ, ਸ਼ਾਂਤ ਮਹੌਲ ਵਿੱਚ, ਰਹਿ ਸਕੇ। ਪਰ, ਹੁਣ ਜੇ ਉਸ ਦਾ ਵਾਸਤਾ ਕਿਸੇ ਮਾੜੇ ਗੁਆਂਢੀ ਨਾਲ ਪੈ ਗਿਆ ਤਾਂ...!

ਸ਼ਾਮ ਨੂੰ ਜਦੋਂ ਉਹ ਬਗ਼ੀਚੇ ਵਿੱਚ ਕੁਰਸੀ ਡਾਹ ਕੇ ਬੈਠੀ ਤਾਂ ਨਵੇਂ ਗੁਆਂਢੀ ਕਿਰਾਏਦਾਰਾਂ ਦੇ ਰੌਲ਼ੇ-ਰੱਪੇ ਨੇ ਉਸ ਨੂੰ ਬੇਚੈਨ ਕਰ ਦਿੱਤਾ। ਕੁਦਰਤੀਂ, ਬਗ਼ੀਚੇ ਦੀ ਕੰਧ ਵੀ ਉਹਨਾਂ ਦੀ ਕੰਧ ਨਾਲ ਸਾਂਝੀ ਸੀ।

ਦੁਪਹਿਰ ਦੇ ਤਿੰਨ ਵਜੇ ਤੱਕ ਉਸਨੂੰ ਹਸਪਤਾਲ ਵਿੱਚ ਮਰੀਜ਼ਾਂ ਨਾਲ ਮਗ਼ਜ਼-ਖਪਾਈ ਕਰਨੀ ਪੈਂਦੀ ਸੀ। ਉਸ ਤੋਂ ਬਾਅਦ ਉਹ ਘਰ ਆ ਕੇ ਬੱਚਿਆਂ ਨੂੰ ਪੜ੍ਹਾਉਂਦੀ ਤੇ ਫਿਰ ਘਰ ਦੇ ਕੰਮਾਂ ਵਿੱਚ ਰੁੱਝ ਜਾਂਦੀ। ਰਾਤ ਦੇ ਖਾਣੇ ਦੀ ਤਿਆਰੀ ਤੋਂ ਪਹਿਲਾਂ ਇਹੋ ਹੀ ਕੁਝ ਪਲ ਉਸ ਦੇ ਆਪਣੇ ਹੁੰਦੇ ਸਨ। ਇਹਨਾਂ ਪਲਾਂ ਨੂੰ ਉਹ ਇਕੱਲਿਆਂ ਮਾਨਣਾ ਚਾਹੁੰਦੀ ਸੀ-ਦੋ ਘੜੀ ਸ਼ਾਂਤ-ਚਿੱਤ ਬੈਠ ਕੇ!

ਅੰਮ੍ਰਿਤਾ ਬਚਪਨ ਤੋਂ ਹੀ ਸ਼ਾਂਤੀ ਪਸੰਦ ਸੀ। ਛੋਟੇ ਹੁੰਦਿਆਂ ਉਹ ਉਂਨਾ ਕੁ ਹੀ ਪੜ੍ਹਦੀ ਸੀ ਜਿੰਨੀ ਪੜ੍ਹਾਈ ਨਾਲ ਚੰਗੇ ਨੰਬਰ ਆ ਜਾਣ—ਨਾ ਕਲਾਸ 'ਚ ਪਹਿਲੇ ਨੰਬਰ ਤੇ ਆਉਣ ਦੀ ਕੋਸ਼ਿਸ਼, ਤੇ ਨਾ ਹੀ ਸਕੂਲ ਦੀ ਕਿਸੇ ਹੋਰ ਗਤੀਵਿਧੀ 'ਚ ਭਾਗ ਲੈਣਾ! ਜਦੋਂ ਮਾਂ ਨੇ ਸਮਝਾਇਆ ਕਿ ਕੁੜੀਆਂ ਨੂੰ ਘਰ ਦਾ ਕੰਮ ਵੀ ਕਰਨਾ ਪੈਂਦਾ ਹੈ, ਤਾਂ ਉਸ ਨੇ ਉਂਨਾ ਕੁ ਕੰਮ ਕਰਨਾ ਸ਼ੁਰੂ ਕਰ ਦਿੱਤਾ ਜਿੰਨੇ ਨਾਲ ਮਾਂ ਖ਼ੁਸ਼ ਰਹੇ। ਬਾਕੀ ਸਮਾਂ ਉਹ ਆਪਣੇ ਕਮਰੇ ਦੀਆਂ ਚੀਜ਼ਾਂ ਨੂੰ ਤਰਤੀਬ 'ਚ ਰੱਖਣ, ਘਰ ਦੇ

ਫੁੱਲ-ਬੂਟਿਆਂ ਨੂੰ ਸੰਭਾਲਣ, ਤੇ ਗ਼ਜ਼ਲਾਂ ਸੁਣਨ 'ਚ ਗੁਜ਼ਾਰ ਦਿੰਦੀ।

ਦਸਵੀਂ 'ਚ ਜਦੋਂ ਸਮਝ ਆਈ ਕਿ ਜ਼ਿੰਦਗੀ 'ਚ 'ਸੈਟਲ' ਵੀ ਹੋਣਾ ਹੁੰਦਾ ਹੈ ਤਾਂ ਇੰਨੀ ਕੁ ਪੜ੍ਹ ਲਈ ਕਿ ਐਮ.ਬੀ.ਬੀ.ਐਸ. 'ਚ ਦਾਖ਼ਲਾ ਮਿਲ ਗਿਆ। ਪਰ ਡਿਗਰੀ ਕਰਨ ਤੋਂ ਬਾਅਦ ਨਾ ਤਾਂ ਉਸ ਨੇ ਨਾਲ ਦਿਆਂ ਵਾਂਗ ਐਮ.ਡੀ. ਜਾਂ ਐਮ. ਐਸ. 'ਚ ਦਾਖ਼ਲੇ ਲਈ ਕੋਸ਼ਿਸ਼ ਕੀਤੀ, ਤੇ ਨਾ ਹੀ ਪ੍ਰਾਈਵੇਟ ਪ੍ਰੈਕਟਿਸ ਕੀਤੀ।

ਪੜ੍ਹਾਈ ਤੋਂ ਤੁਰੰਤ ਬਾਅਦ ਸਿਵਲ ਹਸਪਤਾਲ 'ਚ ਨੌਕਰੀ ਮਿਲ ਗਈ, ਤੇ ਛੇਤੀ ਹੀ ਡਾਕਟਰ ਮੁੰਡੇ ਨਾਲ ਵਿਆਹ ਹੋ ਗਿਆ। ਬੱਸ! ...ਇਸ ਤੋਂ ਵਧ ਕੇ ਉਸ ਅੰਦਰ ਕੋਈ ਮਹੱਤਵਾਕਾਂਕਸ਼ਾ ਨਹੀਂ ਸੀ! ਬਾਕੀ ਜ਼ਿੰਦਗੀ ਉਹ ਆਪਣੀ ਮਸਤੀ 'ਚ ਹੀ ਬਿਤਾਉਣਾ ਚਾਹੁੰਦੀ ਸੀ।

ਪਰ ਕੰਧ ਪਾਰਲੀਆਂ ਆਵਾਜ਼ਾਂ ਨੇ ਉਸ ਦੀ ਸ਼ਾਂਤੀ ਵਿੱਚ ਵਿਘਨ ਪਾ ਦਿੱਤਾ ਸੀ। ਉਸ ਨੂੰ ਇਨਸਾਨੀ ਆਵਾਜ਼ਾਂ ਦੇ ਨਾਲ-ਨਾਲ ਸਾਮਾਨ ਦੀਆਂ ਆਵਾਜ਼ਾਂ ਵੀ ਤੰਗ ਕਰ ਰਹੀਆਂ ਸਨ। ਉਸ ਨੂੰ ਲੱਗ ਰਿਹਾ ਸੀ ਕਿ ਸਾਰਾ ਸੰਸਾਰ ਕੰਧ ਦੇ ਪਾਰ ਇਕੱਠਾ ਹੋ ਕੇ ਉਸ ਨੂੰ ਮੌਲਿਕ ਅਧਿਕਾਰਾਂ ਤੋਂ ਵਾਂਝਿਆਂ ਕਰਨ ਦੀ ਸਾਜ਼ਿਸ਼ ਕਰ ਰਿਹਾ ਸੀ।

ਰਾਤ ਦਾ ਖਾਣਾ ਖਾਂਦੇ ਹੋਏ ਅੰਮ੍ਰਿਤਾ ਨੇ ਪਤੀ ਕੋਲ ਗੱਲ ਕੀਤੀ। ਪਰ ਪਤੀ ਦੇਵ ਨੇ ਸਾਰੀ ਸ਼ਿਕਾਇਤ ਨੂੰ ਸਿਰਫ "ਹੂੰ-ਹਾਂ" ਕਰ ਕੇ ਹੀ ਨਿਪਟਾ ਦਿੱਤਾ। ਡਾਕਟਰ ਸਾਹਿਬ ਨੂੰ ਪਤਾ ਸੀ ਕਿ ਅੰਮ੍ਰਿਤਾ ਦਾ ਇਹ ਅਲਾਪ ਕਈ ਦਿਨਾਂ ਤੱਕ ਜਾਰੀ ਰਹਿਣਾ ਸੀ। ਇਸ ਲਈ ਉਹਨਾਂ ਨੇ ਆਪਣੇ ਆਪ ਨੂੰ ਇਸ ਦੇ ਲਈ ਮਾਨਸਿਕ ਤੌਰ ਤੇ ਤਿਆਰ ਕਰ ਲਿਆ ਸੀ।

ਹੋਇਆ ਵੀ ਇੰਝ ਹੀ! ਜਦੋਂ ਵੀ ਅੰਮ੍ਰਿਤਾ ਬਗ਼ੀਚੇ ਵਿੱਚ ਜਾਂਦੀ ਤਾਂ ਉਸ ਨੂੰ ਮੱਧਮ ਤੋਂ ਮੱਧਮ ਆਵਾਜ਼ ਵੀ ਚੁਭ ਜਾਂਦੀ। ਗਲੀ 'ਚੋਂ ਲੰਘਦੇ ਸਕੂਟਰ ਮੋਟਰਸਾਇਕਲ ਤੇ ਕਾਰਾਂ ਦੀਆਂ ਆਵਾਜ਼ਾਂ—ਜਿੰਨ੍ਹਾਂ ਵੱਲ ਪਹਿਲਾਂ ਕਦੇ ਉਸ ਦਾ ਧਿਆਨ ਹੀ ਨਹੀਂ ਗਿਆ ਸੀ-ਤੇ ਵੀ ਉਸ ਨੂੰ ਖਿਝ ਚੜ੍ਹਨ ਲੱਗ ਪਈ ਸੀ।

"ਡਾਕਟਰ ਸਾਹਿਬ! ...," ਅੰਮ੍ਰਿਤਾ ਨੇ ਇੱਕ ਰਾਤ ਰੋਟੀ ਖਾਂਦਿਆਂ ਪਤੀ ਨਾਲ ਦੁਬਾਰਾ ਗੱਲ ਕਰਨ ਦੀ ਕੋਸ਼ਿਸ਼ ਕੀਤੀ।

"ਹੂੰ ?"

"... ਜੇ ਆਪਾਂ ਘਰ ਬਦਲ ਲਈਏ ?...."

"ਕਿਉਂ ?" ਦਾਲ ਦੇ ਸਵਾਦ 'ਚ ਵਿਅਸਤ ਡਾਕਟਰ ਸਾਹਿਬ ਨੇ ਬਿਨਾ ਮੂੰਹ ਉੱਪਰ ਚੁੱਕਿਆਂ ਪੁੱਛਿਆ।

"ਏਥੇ ਸ਼ੋਰ ਬਹੁਤ ਐ! ... ਬੱਚਿਆਂ ਦੀ ਪੜ੍ਹਾਈ 'ਚ ਵਿਘਨ ਪੈਂਦੈ!"

"ਪਰ, ਤੂੰ ਹੀ ਤਾਂ ਪਹਿਲਾਂ ਕਹਿੰਦੀ ਸੀ ਕਿ ਇਹ ਏਰੀਆ ਸ਼ਹਿਰ 'ਚ ਸਭ ਤੋਂ ਵੱਧ ਸ਼ਾਂਤੀ ਵਾਲੈ!" ਗੱਲ ਕਰਨ ਦੇ ਨਾਲ-ਨਾਲ ਡਾਕਟਰ ਸਾਹਿਬ ਰੋਟੀ ਦੇ ਨਵਾਲੇ ਵੀ ਮੂੰਹ 'ਚ ਪਾਈ ਜਾ ਰਹੇ ਸਨ।

"... ਪਹਿਲਾਂ ਸੀ! ਹੁਣ ਆਹ ਨਵੇਂ ਕਿਰਾਏਦਾਰਾਂ ਨੇ ਆ ਕੇ ਸਾਰੀ ਕਲੋਨੀ ਦੀ ਸ਼ਾਂਤੀ ਭੰਗ ਕਰ 'ਤੀ!" ਅੰਮ੍ਰਿਤਾ ਰੋਟੀ ਦੀ ਅਗਲੀ ਬੁਰਕੀ ਤੋੜਨ ਤੋਂ ਪਹਿਲਾਂ ਰੁਕ ਕੇ ਬੋਲੀ।

"ਹੂੰ!" ਕਹਿ ਕੇ ਡਾਕਟਰ ਸਾਹਿਬ ਨੇ ਦਾਲ ਦੀ ਕੌਲੀ ਖ਼ਤਮ ਕਰਕੇ ਪਾਸੇ ਰੱਖ ਦਿੱਤੀ, ਤੇ ਹੱਥ ਧੋਣ ਲਈ ਉੱਠ ਖੜ੍ਹੇ।

ਅੰਮ੍ਰਿਤਾ ਖਿਝ ਦਾ ਘੁੱਟ ਅੰਦਰ ਲੰਘਾ ਕੇ ਫਿਰ ਰੋਟੀ ਖਾਣ ਲੱਗ ਪਈ। ਉਸ ਨੂੰ ਪਤਾ ਸੀ ਕਿ ਡਾਕਟਰ ਸਾਹਿਬ ਨੇ ਉਸ ਦੀ ਗੱਲ ਨੂੰ ਸਿਰਫ ਟਰਕਾਇਆ ਹੀ ਸੀ।

ਹੁਣ ਘਰ ਵਿੱਚ ਹਰ ਗੱਲ ਘੁੰਮ-ਫਿਰ ਕੇ ਗੁਆਂਢੀਆਂ ਤੇ ਆ ਜਾਂਦੀ ਸੀ। ਜੇ ਉਬਾਲਣ ਲਈ ਰੱਖਿਆ ਦੁੱਧ ਨਿਕਲ ਜਾਂਦਾ, ਜੇ ਬੱਚਿਆਂ ਵਿੱਚੋਂ ਕੋਈ ਉਸ ਦੀ ਗੱਲ ਨਾ ਸੁਣਦਾ, ਜੇ ਸ਼ੀਲਾ ਆਉਣ ਲੱਗਿਆਂ ਦੇਰ ਕਰ ਦਿੰਦੀ, ਜਾਂ ਕੁਝ ਵੀ ਮਾੜਾ ਹੁੰਦਾ, ਤਾਂ ਉਸ ਦਾ ਦੋਸ਼ ਅੰਮ੍ਰਿਤਾ ਗੁਆਂਢੀਆਂ ਤੇ ਮੜ੍ਹ ਦਿੰਦੀ। ਉਹ ਗੱਲ-ਗੱਲ ਤੇ ਉਹਨਾਂ ਨੂੰ ਕੋਸਦੀ ਰਹਿੰਦੀ, ਤੇ ਘਰ ਦੇ ਬਾਕੀ ਜੀਅ ਅਣਸੁਣਿਆਂ ਕਰ ਦਿੰਦੇ।

ਸ਼ਾਮ ਨੂੰ ਜਦੋਂ ਬਗ਼ੀਚੇ ਵਿੱਚ ਬੈਠਿਆਂ ਕੰਧ ਪਾਰ ਤੋਂ ਆਵਾਜ਼ਾਂ ਜ਼ਿਆਦਾ ਆਉਣ ਲੱਗਦੀਆਂ ਤਾਂ ਅੰਮ੍ਰਿਤਾ ਉੱਠ ਕੇ ਅੰਦਰ ਚਲੀ ਜਾਂਦੀ। ਕਦੇ-ਕਦੇ ਆਵਾਜ਼ਾਂ ਦੇ ਬਾਵਜੂਦ ਉਹ ਉਥੇ ਹੀ ਕੁਰਸੀ ਡਾਹ ਕੇ ਬੈਠੀ ਰਹਿੰਦੀ। ਹੌਲੀ-ਹੌਲੀ ਉਸ ਨੂੰ ਕੰਧ ਪਾਰ ਤੋਂ ਬੱਚਿਆਂ ਦੇ ਰੋਣ ਦੀਆਂ, ਲੜਾਈ ਦੀਆਂ, ਉੱਚੀ ਬੋਲਣ ਦੀਆਂ ਆਵਾਜ਼ਾਂ ਆਮ ਲੱਗਣ ਲੱਗ ਪਈਆਂ—ਜਿਵੇਂ ਘਰ ਵਿੱਚ ਕੂਲਰ ਦੀਆਂ, ਪੱਖੇ ਦੀਆਂ ਜਾਂ ਨਾਲ ਦੇ ਕਮਰੇ 'ਚੋਂ ਟੈਲੀਵਿਜ਼ਨ ਦੀਆਂ ਆਵਾਜ਼ਾਂ ਨਾਲ ਕੋਈ ਵਿਘਨ ਨਹੀਂ ਪੈਂਦਾ।

ਇਕ ਦਿਨ, ਜਦੋਂ ਅੰਮ੍ਰਿਤਾ ਬਗ਼ੀਚੇ ਵਿੱਚ ਕੁਰਸੀ ਡਾਹ ਕੇ ਬੈਠੀ ਤਾਂ ਉਸ ਨੂੰ ਆਲੇ-ਦੁਆਲੇ ਸ਼ਾਂਤੀ ਪ੍ਰਤੀਤ ਹੋਈ।

ਕੁਝ ਹੀ ਦੇਰ ਬਾਅਦ ਉਸ ਨੂੰ ਇਹ ਸ਼ਾਂਤੀ ਅਜੀਬ ਲੱਗਣ ਲੱਗ ਪਈ।

ਅੰਮ੍ਰਿਤਾ ਇਕ ਦਮ ਉੱਠੀ, ਤੇ ਘਰੋਂ ਬਾਹਰ ਨਿਕਲ ਕੇ ਨਾਲ ਦੇ ਮਕਾਨ ਤੱਕ ਗਈ। ਉਥੇ ਗੇਟ ਨੂੰ ਜੰਦਰਾ ਲੱਗਿਆ ਹੋਇਆ ਸੀ।

ਉਸ ਨੇ ਸ਼ੁਕਰ ਮਨਾਇਆ ਕਿ ਬਹੁਤ ਸਮੇਂ ਬਾਅਦ ਅੱਜ ਉਹ ਸ਼ਾਂਤ ਚਿੱਤ ਬੈਠ ਸਕੇਗੀ।

ਜਦੋਂ ਉਹ ਦੁਬਾਰਾ ਬਗ਼ੀਚੇ ਵਿੱਚ ਆਈ ਤਾਂ ਉਸ ਨੇ ਫੁੱਲ-ਬੂਟਿਆਂ ਤੇ ਧਿਆਨ ਕੇਂਦਰਿਤ ਕਰਨ ਦੀ ਕੋਸ਼ਿਸ਼ ਕੀਤੀ। ਪਰ ਆਲੇ-ਦੁਆਲੇ ਪਸਰੀ ਚੁੱਪ ਉਸ ਨੂੰ ਬੇਚੈਨ ਕਰੀ ਜਾ ਰਹੀ ਸੀ।

ਥੋੜ੍ਹੀ ਦੇਰ ਬਾਅਦ ਉਸ ਨੂੰ ਆਲਾ-ਦੁਆਲਾ ਸੁੰਞਾ-ਸੁੰਞਾ ਲੱਗਣ ਲੱਗ ਪਿਆ। ਫਿਰ ਜਦੋਂ ਇਹ ਸ਼ਾਂਤੀ ਉਸ ਲਈ ਅਸਹਿ ਹੋ ਗਈ ਤਾਂ ਉਹ ਉੱਠ ਕੇ ਅੰਦਰ ਚਲੀ ਗਈ।

ਸ਼ਾਮ ਦਾ ਬਾਕੀ ਸਮਾਂ ਵੀ ਉਦਾਸੀ ਵਿੱਚ ਗੁਜ਼ਰਿਆ। ਉਸ ਨੂੰ ਆਪਣੀ ਕਲੋਨੀ ਕਿਸੇ ਬੀਤ ਚੁੱਕੇ ਸਮੇਂ ਦੀ ਨਿਸ਼ਾਨੀ ਲੱਗਣ ਲੱਗ ਪਈ। ਬਿਲਕੁਲ ਅਜਿਹਾ ਹੀ ਅਹਿਸਾਸ ਉਸ ਨੂੰ ਇੱਕ ਸਾਲ ਪਹਿਲਾਂ ਹੋਇਆ ਸੀ, ਜਦੋਂ ਉਹ ਮਾਂ ਦੇ ਮਰਨ ਤੋਂ ਬਾਅਦ ਪਹਿਲੀ ਵਾਰ ਪੇਕੇ ਗਈ ਸੀ।

ਅਗਲੀ ਸਵੇਰ ਜਦੋਂ ਸ਼ੀਲਾ ਕੰਮ ਤੇ ਆਈ ਤਾਂ ਅੰਮ੍ਰਿਤਾ ਨੇ ਨਾ ਚਾਹੁੰਦਿਆਂ ਵੀ ਉਸ ਤੋਂ ਪੁੱਛ ਹੀ ਲਿਆ, "ਆਹ, ਨਾਲ ਵਾਲੇ ਗੁਆਂਢੀ ਚਲੇ ਗਏ ?"

ਸ਼ੀਲਾ ਨੂੰ ਸਾਰੇ ਮੁਹੱਲੇ ਦੀ ਖ਼ਬਰ ਰਹਿੰਦੀ ਸੀ, ਤੇ ਇਸੇ ਕਰਕੇ ਉਸਨੂੰ ਨਾਲ ਵਾਲੇ ਗੁਆਂਢੀਆਂ ਬਾਰੇ ਵੀ ਪਤਾ ਹੋਣਾ ਸੀ।

"ਨਹੀਂ, ਜੀ! ਗਏ ਤਾਂ ਨ੍ਹੀਂ! ਊਂ, ਜਾਣ ਨੂੰ ਕਹਿੰਦੇ ਨੇ!"

"ਕਿਉਂ!?... ਐਨਾ ਵਧੀਆ ਮਕਾਨ ਐ, ਤੇ ਏਰੀਆ ਵੀ ਵਧੀਐ!"

"ਪਰ, ਗ਼ਰੀਬ ਬੰਦੇ ਨੇ, ਬੀਬੀ ਜੀ! ਐਨਾ ਕਰਾਇਆ ਨ੍ਹੀਂ ਦੇ ਸਕਦੇ!"

"ਕੋਈ ਨ੍ਹੀਂ! ਇਹਨਾਂ ਨੂੰ ਕਹਿ-ਦੀ, ਮੈਂ ਮਕਾਨ ਮਾਲਕਣ ਨਾਲ ਗੱਲ ਕਰ ਲਊਂਗੀ, ਕਰਾਇਆ ਘੱਟ ਕਰਨ ਵਾਸਤੇ! ਐਹੋ ਜੇ ਮਕਾਨ ਕਿਤੇ ਮਿਲਦੇ ਨੇ ਸ਼ਹਿਰ 'ਚ! ... ਮਕਾਨ ਮਾਲਕਣ ਨੇ ਵੀ, ਦੱਸ, ਸਾਰੇ ਪੈਸੇ ਇਹਨਾਂ ਤੋਂ ਈ ਲੈਣੇ ਨੇ! ਜਿਹੜੇ ਦੋ ਕਮਰੇ ਖਾਲੀ ਪਏ ਨੇ, ਉਹ ਕਿਸੇ ਹੋਰ ਨੂੰ ਕਿਰਾਏ ਤੇ ਦੇ ਕੇ ਪੈਸੇ ਪੂਰੇ ਕਰ ਲਵੇ!"

ਸ਼ੀਲਾ ਨੇ ਹੈਰਾਨੀ ਨਾਲ ਅੰਮ੍ਰਿਤਾ ਵੱਲ ਵੇਖਿਆ।

ਉਸ ਦੀਆਂ ਪ੍ਰਸ਼ਨ ਭਰੀਆਂ ਨਜ਼ਰਾਂ ਅੰਮ੍ਰਿਤਾ ਨੂੰ ਆਪਣੇ ਚਿਹਰੇ ਤੇ ਚੁਭੀਆਂ। "ਗ਼ਰੀਬ ਬੰਦੇ ਨੇ! ... ਜੇ ਕਿਸੇ ਦਾ ਭਲਾ ਹੋ-ਜੂ ਤਾਂ ਆਪਣਾ ਕੀ ਜਾਂਦੈ!" ਕਹਿੰਦਿਆਂ ਅੰਮ੍ਰਿਤਾ ਕਾਹਲੀ ਨਾਲ ਕਮਰੇ 'ਚ ਵੜ ਗਈ।

# ਵਿਹਲ

ਸੜਕ ਤੋਂ ਪਿੰਡ ਦਾ ਮੋੜ ਮੁੜਦਿਆਂ ਹੀ ਮਾਸਟਰ ਜਮਨਾ ਦਾਸ ਦੇ ਪੈਰ ਹੌਲੀ ਹੋ ਗਏ। ਉਸ ਨੇ ਪਿੱਪਲ ਹੇਠਾਂ ਨਿਗ੍ਹਾ ਮਾਰੀ।

ਕੋਈ ਨਹੀਂ ਸੀ।

"ਸ਼ੁਕਰ ਐ...!" ਕਹਿੰਦਿਆਂ ਮਾਸਟਰ ਨੇ ਮੁੜ ਆਪਣੀ ਚਾਲ ਫੜ ਲਈ। ਨਹੀਂ ਤਾਂ, ਉਸ ਨੂੰ ਪਰਲੇ ਪਾਸੇ ਦੀ ਵਾਟ ਪਾ ਕੇ ਜਾਣਾ ਪੈਣਾ ਸੀ।

ਪਿੱਪਲ ਕੋਲੋਂ ਲੰਘਣ ਲੱਗਿਆਂ ਮਾਸਟਰ ਦੇ ਮੂੰਹੋਂ ਆਪ-ਮੁਹਾਰੇ ਨਿਕਲ ਗਿਆ, "ਜਿਉਂਦੀਆਂ ਲਾਸ਼ਾਂ, ਸਹੁਰੀਆਂ!"

ਸ਼ੁਰੂ ਦੇ ਦਿਨਾਂ ਵਿੱਚ ਜਮਨਾ ਦਾਸ ਇਹਨਾਂ ਬੰਦਿਆਂ ਦੀ ਟੋਲੀ ਵਿੱਚੋਂ ਉੱਠਣ ਦਾ ਨਾਂ ਨਹੀਂ ਸੀ ਲੈਂਦਾ। ... ਤੇ ਹੁਣ, ਉਹਨਾਂ ਨੂੰ ਵੇਖ ਕੇ ਹੀ ਬਚ ਨਿਕਲਣ ਦੀ ਕਰਦਾ ਸੀ।

ਪਤਾ ਨਹੀਂ ਕਿਉਂ, ਹੁਣ ਉਸ ਨੂੰ ਇਹਨਾਂ ਦੀਆਂ ਨਿਰਾਸ਼ਾ ਭਰੀਆਂ ਗੱਲਾਂ ਤੋਂ ਖਿਝ ਹੋ ਗਈ ਸੀ, "ਇਹ ਵੀ ਕੋਈ ਜ਼ਿੰਦਗੀ ਐ!"

ਜਦੋਂ ਵੀ ਕੋਈ ਬੁੱਢਾ ਆਪਣੇ ਘਰ ਦੇ ਹਾਲਾਤ ਦਾ ਰੋਣਾ ਰੋਂਦਾ ਤਾਂ ਮਾਸਟਰ ਨੂੰ ਉਹ ਬੁਰਾ ਲੱਗਣ ਲੱਗ ਪੈਂਦਾ, "ਨਾ ਤਾਂ ਇਹਨਾਂ ਦੇ ਹਾਲਾਤ ਜ਼ਿੰਦਗੀ ਭਰ ਠੀਕ ਹੋਏ ਨੇ, ਨਾ ਹੋਣੇ ਨੇ!"

ਮਾਸਟਰ ਦੀ ਆਪਣੀ ਜ਼ਿੰਦਗੀ ਵੀ ਆਖ਼ਰੀ ਦੌਰ ਵਿੱਚ ਦਾਖ਼ਲ ਹੋ ਚੁੱਕੀ ਸੀ। ਸਾਰੀ ਜ਼ਿੰਦਗੀ ਉਹ ਵੀ ਕਿਸੇ ਨਾ ਕਿਸੇ ਆਸ ਦੇ ਸਹਾਰੇ ਕੱਟੀ ਗਿਆ ਸੀ। ਇਹ ਸੋਚ ਕੇ ਉਸ ਨੂੰ ਸਾਰੇ ਬੁੱਢੇ ਬੇਕਸੂਰ ਜਾਪਣ ਲੱਗ ਪਏ, ਤੇ ਉਹ ਆਪਣੇ ਆਪ ਤੇ ਮੁਸਕਰਾ ਪਿਆ।

ਫਿਰ ਉਸ ਦਾ ਧਿਆਨ ਬਿਮਲਾ ਦੇਵੀ ਤੇ ਗਿਆ, ਜਿਸ ਨੇ ਹੁਣ ਕਈ ਦਿਨਾਂ ਤੋਂ ਤੀਰਥਾਂ ਤੇ ਜਾਣ ਦਾ ਮੁੜ ਜ਼ਿਕਰ ਨਹੀਂ ਸੀ ਕੀਤਾ। ਉਹ ਵੀ ਸਾਰੀ ਜ਼ਿੰਦਗੀ ਇਸੇ ਸਹਾਰੇ ਕੱਟਦੀ ਰਹੀ ਕਿ ਕਦੇ ਨਾ ਕਦੇ ਉਸ ਦੇ ਸਾਰੇ ਕੰਮ ਮੁੱਕ ਜਾਣਗੇ, ਤੇ ਫਿਰ ਉਹ ਸੁਰਖ਼ਰੂ ਹੋ ਕੇ ਤੀਰਥਾਂ ਦੀ ਯਾਤਰਾ ਤੇ ਜਾ ਸਕੇਗੀ।

ਉਹ ਆਪ ਵੀ ਸਾਰੀ ਜ਼ਿੰਦਗੀ ਇਸੇ ਆਸ ਤੇ ਜਿਉਂਦਾ ਰਿਹਾ ਕਿ ਰਿਟਾਇਰਮੈਂਟ ਤੋਂ ਬਾਅਦ ਸਾਰੀ ਕਬੀਲਦਾਰੀ ਨਬੇੜ ਕੇ ਉਹ ਮੁੜ ਆਪਣੇ ਪਿੰਡ ਚਲਿਆ ਜਾਵੇਗਾ, ਤੇ ਖੁੱਲ੍ਹ ਕੇ ਜ਼ਿੰਦਗੀ ਮਾਣ ਸਕੇਗਾ।

ਪਹਿਲਾਂ-ਪਹਿਲਾਂ ਪਿੰਡ ਵਿੱਚ ਉਸ ਦਾ ਦਿਲ ਵੀ ਬਹੁਤ ਲੱਗਿਆ ਸੀ। ਵਿਹਲ, ਖੁੱਲ੍ਹ, ਪੁਰਾਣੇ ਸੰਬੰਧੀ, ਚਿੰਤਾ ਤੋਂ ਮੁਕਤੀ—ਇੱਕ ਵਾਰ ਤਾਂ ਉਸ ਨੂੰ ਲੱਗਣ

ਲੱਗ ਪਿਆ ਕਿ ਜਿਵੇਂ ਬਚਪਨ ਮੁੜ ਆਇਆ ਹੋਵੇ। ਪਰ ਹੌਲੀ-ਹੌਲੀ ਉਸ ਨੂੰ ਇਹ ਵਿਹਲੀ ਤੇ ਦਿਸ਼ਾਹੀਣ ਜ਼ਿੰਦਗੀ ਨੀਰਸ ਜਾਪਣ ਲੱਗ ਪਈ। ਉਦੋਂ, ਕਈ ਵਾਰ ਉਹ ਸੋਚਦਾ ਕਿ ਕੀ ਅਜਿਹੀ ਨਿਗੂਣੀ ਜਿਹੀ ਚੀਜ਼ ਪਿੱਛੇ ਹੀ ਉਹ ਬਚਪਨ ਤੋਂ ਜ਼ਿੰਦਗੀ ਨਾਲ ਘੁਲਦਾ ਆਇਆ ਸੀ।

ਬਚਪਨ ਵਿੱਚ, ਇਸੇ ਪਿੰਡ ਰਹਿੰਦਿਆਂ, ਉਹਦਾ ਪਿਓ ਗੁਜ਼ਰ ਗਿਆ ਸੀ। ਉਸ ਨੂੰ ਪੜ੍ਹਾਈ ਦੇ ਨਾਲ-ਨਾਲ ਹੱਟੀ ਵੀ ਸਾਂਭਣੀ ਪਈ ਸੀ। ਉਦੋਂ ਉਹ ਸੋਚਿਆ ਕਰਦਾ ਸੀ ਕਿ ਜੇਕਰ ਉਸ ਨੂੰ ਨੌਕਰੀ ਮਿਲ ਜਾਵੇ ਤਾਂ ਸਾਰਾ ਕੁਝ ਠੀਕ ਹੋ ਜਾਵੇ। ਹੱਟੀ ਤੋਂ ਬਹੁਤਾ ਗੁਜ਼ਾਰਾ ਨਹੀਂ ਸੀ ਹੁੰਦਾ। ਫਿਰ ਦੋਵੇਂ ਭੈਣਾਂ ਦੇ ਵਿਆਹ ਵੀ ਤਾਂ ਕਰਨੇ ਸਨ।

ਨੌਕਰੀ ਮਿਲ ਗਈ ਤਾਂ ਸ਼ਹਿਰ ਚਲਿਆ ਗਿਆ। ਭੈਣਾਂ ਦੇ ਵੀ ਵਿਆਹ ਕੀਤੇ ਤੇ ਆਪ ਵੀ ਵਿਆਹ ਕਰਵਾਇਆ।

ਇਕ ਵਾਰ ਤਾਂ ਉਸ ਨੂੰ ਲੱਗਣ ਲੱਗ ਪਿਆ ਕਿ ਸੰਘਰਸ਼ ਖ਼ਤਮ ਹੋ ਚੁੱਕਿਆ ਹੈ। ਪਰ ਫਿਰ ਬੱਚੇ, ਉਹਨਾਂ ਦੀਆਂ ਪੜ੍ਹਾਈਆਂ, ਉਹਨਾਂ ਲਈ ਰੁਜ਼ਗਾਰ, ਵਿਆਹ-ਜਿਉਂ-ਜਿਉਂ ਉਮਰ ਵਧਦੀ ਗਈ, ਕਬੀਲਦਾਰੀ ਦਾ ਭਾਰ ਵੀ ਵਧਦਾ ਹੀ ਗਿਆ। ਸਾਰੀ ਉਮਰ ਇੱਕ ਚਿੰਤਾ ਦੇ ਖ਼ਤਮ ਹੋਣ ਤੋਂ ਪਹਿਲਾਂ ਦੂਜੀ ਸ਼ੁਰੂ ਹੁੰਦੀ ਰਹੀ।

ਰੋਸ਼ਨੀ ਦੀ ਆਸ ਵਿੱਚ ਸਾਰੀ ਉਮਰ ਉਹ ਹਨ੍ਹੇਰੇ ਨਾਲ ਲੜਦਾ ਰਿਹਾ। ਜਿੱਤ ਵੀ ਹੋਈ! ਵੱਡੇ ਮੁੰਡੇ ਨੇ ਕਾਰੋਬਾਰ ਤੋਰ ਲਿਆ, ਛੋਟਾ ਕਨੇਡਾ ਚਲਿਆ ਗਿਆ, ਤੇ ਕੁੜੀ ਦਾ ਵੀ ਚੰਗੀ ਥਾਂ ਰਿਸ਼ਤਾ ਹੋ ਗਿਆ।

ਪਰ ਕਬੀਲਦਾਰੀ ਮੁੱਕਣ ਦਾ ਨਾਂ ਨਹੀਂ ਸੀ ਲੈਂਦੀ। ਪੁੱਤਾਂ-ਧੀਆਂ ਤੋਂ ਵਿਹਲੇ ਹੋ ਕੇ ਸੁਖ ਦਾ ਸਾਹ ਨਹੀਂ ਸੀ ਲਿਆ ਕਿ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਦੀਆਂ ਚਿੰਤਾਵਾਂ ਆ ਚਿੰਬੜੀਆਂ।

ਹੁਣ ਤਾਂ ਜੇਕਰ ਮਾਸਟਰ ਜਮਨਾ ਦਾਸ ਨੂੰ ਉਡੀਕ ਸੀ ਤਾਂ ਰਿਟਾਇਰਮੈਂਟ ਦੀ! ਉਸ ਨੇ ਸੋਚ ਰੱਖਿਆ ਸੀ ਕਿ ਉਹ ਰਿਟਾਇਰਮੈਂਟ ਤੋਂ ਬਾਅਦ ਪਤਨੀ ਨੂੰ ਲੈ ਕੇ ਵਾਪਿਸ ਪਿੰਡ ਚਲਿਆ ਜਾਵੇਗਾ ਤੇ ਖੁੱਲ੍ਹ ਕੇ ਜ਼ਿੰਦਗੀ ਜਿਉਂਵੇਗਾ।

ਪਰ ਇਥੇ, ਪਿੰਡ ਵਿੱਚ, ਵੀ ਉਹ ਬਹੁਤੇ ਦਿਨ ਖ਼ੁਸ਼ ਨਾ ਰਹਿ ਸਕਿਆ, ਤੇ ਵਿਹਲ ਉਸ ਨੂੰ ਚੁਭਣ ਲੱਗ ਪਈ।

ਇੱਕ ਦਿਨ ਗਵਾਂਢੀਆਂ ਦੀ ਨੂੰਹ ਆਪਣੇ ਮੂੰਡੇ ਨੂੰ ਲੈ ਕੇ ਮਾਸਟਰ ਕੋਲ ਆਈ।

"ਤਾਇਆ ਜੀ, ਮਾੜ੍ਹਾ ਜਿਹਾ ਮੇਰੇ ਮੁੰਡੇ ਨੂੰ ਈ ਪੜ੍ਹਾ ਦਿਆ ਕਰੋ", ਉਸ ਨੇ ਤਰਲਾ ਕੀਤਾ, "ਦੋ ਸਾਲ ਹੋ-ਗੇ, ਇੱਕੋ ਜਮਾਤ 'ਚ! ਜੇ ਮਾੜ੍ਹਾ-ਮੋਟਾ ਪੜ੍ਹਾ ਦਿਆ ਕਰੋਂ ਤਾਂ ਐਤਕੀਂ ਪਾਸ ਹੋਜੂਗਾ।"

ਮਾਸਟਰ ਨੇ ਵੀ ਸੋਚਿਆ ਕਿ ਸਮਾਂ ਕੱਟਣ ਦਾ ਹੀਲਾ ਬਣ ਜਾਵੇਗਾ।

ਕੁਝ ਦਿਨਾਂ ਵਿੱਚ ਹੋਰ ਬੱਚੇ ਵੀ ਆਉਣੇ ਸ਼ੁਰੂ ਹੋ ਗਏ। ਮਾਸਟਰ ਦੀ ਜ਼ਿੰਦਗੀ ਫਿਰ ਰੁਝੇਵਿਆਂ ਭਰੀ ਹੋ ਗਈ। ...

ਘਰ ਅੰਦਰ ਵੜਨ ਲੱਗਿਆਂ ਮਾਸਟਰ ਨੇ ਘੜੀ ਵੱਲ ਵੇਖਿਆ। ਬੱਚੇ ਆਉਣ ਹੀ ਵਾਲੇ ਸਨ।

ਕਮਰੇ 'ਚ ਜਾ ਕੇ ਉਹ ਕੁਰਸੀ ਤੇ ਬੈਠਿਆ ਹੀ ਸੀ ਕਿ ਬਿਮਲਾ ਦੇਵੀ ਅੰਦਰ ਆਈ।

"ਮੈਂ ਕਿਹਾ, ਜੀ! ਮੈਨੂੰ ਕਈ ਦਿਨ ਹੋ-ਗੇ ਤਕਾਉਂਦੀ ਨੂੰ, ਆਪਾਂ ਤੀਰਥਾਂ ਤੇ ਕਦੋਂ ਜਾਣੈ?"

"ਬੱਸ, ਆਹ, ਬੱਚਿਆਂ ਦੇ ਪੇਪਰ ਮੁੱਕ ਜਾਣ! ਫੇਰ ਚੱਲਾਂਗੇ।"

"ਇਹ ਤਾਂ, ਥੋੜਾ, ਸਾਰੀ ਉਮਰ ਈ ਨ੍ਹੀਂ ਮੁੱਕਣਾ!" ਬਿਮਲਾ ਦੇਵੀ ਨੇ ਗਿਲੇ ਨਾਲ ਸਿਰ ਮਾਰਿਆ।

"ਇਹ ਤਾਂ ਹੁਣ ਹੱਡਾਂ ਦੇ ਨਾਲ ਈ ਜਾਊ!" ਮਾਸਟਰ ਮੁਸਕੁਰਾਇਆ।

ਬਿਮਲਾ ਦੇਵੀ ਹੈਰਾਨ ਖੜ੍ਹੀ ਵੇਖਦੀ ਰਹੀ। ਉਸ ਨੇ ਪਹਿਲੀ ਵਾਰ ਮਾਸਟਰ ਦੀ ਮੁਸਕੁਰਾਹਟ ਵਿੱਚ ਟਿੱਚਰ ਵੇਖੀ ਸੀ।

# ਕਲੋਨੀ

'ਤੜੱਕ' ਦੀ ਜ਼ੋਰਦਾਰ ਆਵਾਜ਼!... ਤੇ ਦਵਿੰਦਰ ਸਾਰੀ ਗੱਲ ਸਮਝ ਗਿਆ।

"ਇਹਨਾਂ ਕੋਠੀ ਆਲਿਆਂ ਦੀ...!" ਉਸ ਨੂੰ ਅੰਦਰਲੀ ਨਫ਼ਰਤ ਜਿੱਡੇ ਸ਼ਬਦ ਨਹੀਂ ਲੱਭੇ।

ਨਹਾਉਣਾ ਵਿੱਚੇ ਛੱਡ ਕੇ ਉਸ ਨੇ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ। "ਇਹ ਸਮਝਦੇ ਕੀ ਨੇ ਆਪਣੇ ਆਪ ਨੂੰ...! ... ਅੱਜ ਤਾਂ ਇਹਨਾਂ ਤੋਂ ... ਇਹ ਖੇਲ੍ਹਣ ਆਲਾ ਗਰੌਂਡ ਐ ਕੋਈ...!"

ਜਿਸ ਦਿਨ ਦਾ ਦਵਿੰਦਰ ਹੁਰਾਂ ਨੇ ਇਥੇ ਰਹਿਣਾ ਸ਼ੁਰ ਕੀਤਾ ਸੀ, ਇਹੋ ਸਿਲਸਿਲਾ ਚਲਦਾ ਆ ਰਿਹਾ ਸੀ।

ਦਵਿੰਦਰ ਦੇ ਇਥੇ ਮਕਾਨ ਪਾ ਲੈਣ ਤੋਂ ਤਾਂ ਸਾਰੀ ਕਲੋਨੀ ਹੀ ਦੁਖੀ ਸੀ, ਪਰ ਸਾਹਮਣੀ ਕੋਠੀ ਵਾਲਿਆਂ ਨੇ ਤਾਂ ਜਿਵੇਂ ਉਹਨਾਂ ਨਾਲ ਆਢਾ ਹੀ ਲਾ ਰੱਖਿਆ ਸੀ। ਕਦੇ ਗੇਂਦ ਮਾਰ ਕੇ ਸ਼ੀਸ਼ਾ ਤੋੜ ਦਿੱਤਾ, ਕਦੇ ਕੂੜਾ ਸੁੱਟਣ ਪਿੱਛੇ ਬੋਲਣ ਲੱਗ ਪਏ, ਕਦੇ ਗੱਡੀ ਪਾਰਕ ਕਰਨ ਪਿੱਛੇ ਰੌਲ਼ਾ ਪਾ ਲਿਆ... ਕਦੇ ਕੁਝ ਤੇ ਕਦੇ ਕੁਝ!

ਅਸਲ ਵਿੱਚ, ਸਾਰੀ ਕਲੋਨੀ ਨੂੰ ਦਵਿੰਦਰ ਹੁਰ੍ਹਾਂ ਤੋਂ ਇਸ ਕਰਕੇ ਚਿੜ੍ਹ ਸੀ ਕਿ ਉਹਨਾਂ ਦੀਆਂ ਕੋਠੀਆਂ ਵਿਚਕਾਰ ਇੱਕ ਡਰਾਇਵਰ ਨੇ ਮਕਾਨ ਪਾ ਲਿਆ ਸੀ। ਮਕਾਨ ਭਾਵੇਂ ਛੋਟਾ ਸੀ, ਪਰ ਅਮੀਰਾਂ ਦੀ ਕਲੋਨੀ ਵਿੱਚ ਸੀ। ਇਥੇ ਜਾਂ ਤਾਂ ਕੋਈ ਵੱਡਾ ਕਾਰਖ਼ਾਨੇਦਾਰ ਰਹਿੰਦਾ ਸੀ, ਜਾਂ ਡਾਕਟਰ, ਜਾਂ ਕੋਈ ਇੰਜੀਨੀਅਰ, ਤੇ ਜਾਂ ਫਿਰ ਕੋਈ ਵੱਡਾ ਅਫ਼ਸਰ।

ਦਵਿੰਦਰ ਨੂੰ ਆਪਣੇ ਮਕਾਨ ਦਾ ਬਹੁਤ ਮਾਣ ਸੀ। ਉਹਦੀ ਸਾਰੀ ਜ਼ਿੰਦਗੀ ਦੀ ਕਮਾਈ ਖ਼ਰਚ ਹੋ ਚੁੱਕੀ ਸੀ, ਪਰ ਹਾਲੀਂ ਵੀ ਮਕਾਨ ਦਾ ਕਾਫੀ ਕੰਮ ਬਾਕੀ ਰਹਿੰਦਾ ਸੀ। ਇਹ ਤਾਂ ਸ਼ੁਕਰ ਸੀ ਕਿ ਉਹ ਦੇ ਸਹੁਰਿਆਂ ਨੇ ਉਹਦੇ ਮੋਢੇ ਨਾਲ ਮੋਢਾ ਲਾਇਆ ਸੀ।

ਇੰਨੀ ਵੱਡੀ ਕਲੋਨੀ ਵਿੱਚ ਦੋ-ਚਾਰ ਕਮਰੇ ਪਾ ਲੈਣੇ ਵੀ ਖੇਡ ਨਹੀਂ ਸਨ। ਇਸੇ ਕਰਕੇ ਦਵਿੰਦਰ ਦਾ ਹੁਣ ਯੂਨੀਅਨ ਵਿੱਚ ਅਸਰ-ਰਸੂਖ਼ ਵਧ ਗਿਆ ਸੀ। ਹੋ ਸਕਦਾ ਸੀ ਕਿ ਉਹ ਆਉਂਦੀ ਇਲੈਕਸ਼ਨ ਵਿੱਚ ਪ੍ਰਧਾਨ ਬਣ ਜਾਂਦਾ।

ਪਰ ਜਿਸ ਦਿਨ ਤੋਂ ਉਸ ਦੇ ਪਰਿਵਾਰ ਨੇ ਘਰ ਵਿੱਚ ਸਾਮਾਨ ਰੱਖਿਆ ਸੀ, ਉਸੇ ਦਿਨ ਤੋਂ ਉਹਨਾਂ ਦਾ ਜਿਉਣਾ ਦੁੱਭਰ ਹੋਇਆ ਪਿਆ ਸੀ।

ਦਵਿੰਦਰ ਗ਼ੁਸਲਖ਼ਾਨੇ 'ਚੋਂ ਨਿਕਲਿਆ ਤਾਂ ਉਸ ਦੀ ਘਰਵਾਲੀ ਬੁੜਬੁੜਾਉਂਦੀ ਹੋਈ ਫਰਸ਼ 'ਤੋਂ ਕੱਚ ਸਾਫ ਕਰ ਰਹੀ ਸੀ।

ਖਿੜਕੀ ਦਾ ਪੂਰਾ ਸ਼ੀਸ਼ਾ ਚੂਰ-ਚੂਰ ਹੋ ਗਿਆ ਸੀ। ਇੰਨਾ ਚੰਗਾ ਕਿ ਘਰ 'ਚੋਂ ਕਿਸੇ ਦੇ ਸੱਟ ਨਹੀਂ ਵੱਜੀ ਸੀ।

"ਆਉਣ ਦੇ ਗੇਂਦ ਲੈਣ... ਦੱਸਦਾਂ, ਇਹਨਾਂ ਨੂੰ ...!" ਗੇਂਦ ਚੁੱਕ ਕੇ ਦਵਿੰਦਰ ਬਾਹਰ ਆ ਗਿਆ।

ਬਾਹਰ ਮੁੰਡੇ ਕ੍ਰਿਕੇਟ ਵਾਲਾ ਬੱਲਾ ਚੱਕੀ ਗੇਂਦ ਦੀ ਆਸ ਵਿੱਚ ਖੜ੍ਹੇ ਸਨ।

"ਕੀਹਨੇ ਮਾਰੀ ਐ, ਓਏ, ਇਹ...?" ਦਵਿੰਦਰ ਨੇ ਅੱਖਾਂ ਕੱਢੀਆਂ।

"ਸੌਰੀ, ਅੰਕਲ!" ਮੁੰਡਿਆਂ ਵਿੱਚੋਂ ਇੱਕ ਨੇ ਰਸਮੀ ਜਿਹੇ ਬੋਲ ਬੋਲੇ।

"ਲੱਗਦੇ ਸੌਰੀ ਦੇ!... ਜੇ ਕਿਸੇ ਦ ਸਿਰ ਪਾੜ ਜਾਂਦਾ, ਫੇਰ? ...ਨਾਲੇ, ਸ਼ੀਸ਼ਾ ਕੌਣ ਪਵਾਊ, ਜਿਹੜਾ ਭੰਨਿਐ?" ਦਵਿੰਦਰ ਨੇ ਪੱਕੀ ਧਾਰ ਲਈ ਸੀ ਕਿ ਅੱਜ ਉਹ ਇਹਨਾਂ ਨਾਲ ਨਿਬੇੜ ਕੇ ਹੀ ਰਹੇਗਾ।

"ਤੁਸੀਂ ਗੇਂਦ ਦੇਣੀ ਐ ਕੁ ਨਹੀਂ?" ਇੱਕ ਲੰਮਾ ਜਿਹਾ ਮੁੰਡਾ ਆਕੜ ਨਾਲ ਬੋਲਿਆ।

ਦਵਿੰਦਰ ਨੂੰ ਹੱਤਕ ਮਹਿਸੂਸ ਹੋਈ। "ਨਹੀਂ ਦਿੰਦਾ! ਕੀ ਕਰ ਲੇਂਗਾ...?"

"ਜਾ, ਓਏ! ਦੋ ਗੇਂਦਾਂ ਨਵੀਆਂ ਫੜ ਲਿਆ", ਉਸ ਨੇ ਦਸਾਂ-ਦਸਾਂ ਦੇ ਦੋ ਨੋਟ ਕੱਢ ਕੇ ਨਾਲ ਦੇ ਮੁੰਡੇ ਨੂੰ ਫੜਾਏ, ਤੇ ਫਿਰ ਦਵਿੰਦਰ ਨੂੰ ਸੰਬੋਧਿਤ ਹੋਇਆ, "ਸ਼ੀਸ਼ਾ ਜਿੰਨੇ ਦਾ ਵੀ ਆਊਗਾ, ਮੇਰੇ ਡੈਡੀ ਤੋਂ ਲੈ ਲਿਉ!"

ਦਵਿੰਦਰ ਨੂੰ ਲੱਗਿਆ, ਜਿਵੇਂ ਉਸ ਨੂੰ ਕਿਸੇ ਨੇ ਉਚਾਈ ਤੋਂ ਧੱਕਾ ਦਿੱਤਾ ਹੋਵੇ। ਉਸ ਨੂੰ ਆਤਮ-ਗਿਲਾਨੀ ਮਹਿਸੂਸ ਹੋਈ।

"ਆਪਣੇ ਡੈਡੀ ਤੋਂ ਪੁੱਛ ਕੇ ਤਾਂ ਦੇਖ, ਕਮਾਈ ਕਰਨੀ ਕਿੰਨੀ ਔਖੀ ਐ!... ਆਹ ਫੜ," ਉਸ ਨੇ ਗੇਂਦ ਲੰਮੇ ਮੁੰਡੇ ਨੂੰ ਫੜਾ ਦਿੱਤੀ, "ਜੇ 'ਗਾਂਹ ਨੂੰ ਮਾਰੀ ਐ ਤਾਂ ਦੇਖ ਲਿਉ ਫੇਰ! ... ਲੱਗਦੇ ਡੈਡੀ ਦੇ!"

"ਗੇਂਦ ਕਿਉਂ ਦੇ 'ਤੀ?" ਘਰਵਾਲੀ ਬੁੜਬੁੜਾਈ।

"ਓ ਚੱਲ! ਬੱਚੇ ਨੇ!... ਮਿੰਨਤਾਂ ਕਰਨ ਲੱਗ ਪੇ...! ਨਾਲੇ, ਆਪਣੇ ਜਬਾਕ ਵੀ ਤਾਂ ਏਥੇ ਈ ਖੇਡਦੇ ਰਹਿੰਦੇ ਨੇ!"

# ਵਾਪਸੀ

ਗੌਰਵ ਨੇ ਚੁੱਪ-ਚਾਪ ਸੀਟ ਮੱਲੀ ਤੇ ਗੱਡੀ ਦੀ ਖਿੜਕੀ ਬੰਦ ਕਰ ਦਿੱਤੀ।

ਡਰਾਈਵਰ ਨੇ "ਚਲੋ" ਸੁਣਨ ਲਈ ਉਸ ਵੱਲ ਵੇਖਿਆ, ਪਰ ਉਹ ਚੁੱਪ ਰਿਹਾ।

ਡਰਾਈਵਰ ਨੇ ਹਾਲਾਤ ਭਾਂਪ ਕੇ ਗੱਡੀ ਤੋਰ ਲਈ।

ਗੌਰਵ ਹਾਲੀਂ ਆਪਣੀਆਂ ਬੇਕਾਬੂ ਹੋਈਆਂ ਅੱਖਾਂ ਨੂੰ ਟਿਕਾਉਣ ਲਈ ਕੋਈ ਚੀਜ਼ ਲੱਭ ਹੀ ਰਿਹਾ ਸੀ ਕਿ ਉਸ ਦੀ ਨਜ਼ਰ ਅੰਦਰਲੇ ਸ਼ੀਸ਼ੇ ਤੇ ਪਈ। ਵਨੀਤਾ ਦਾ ਚਿਹਰਾ ਹਾਲੀਂ ਵੀ ਮੁਰਝਾਇਆ ਹੋਇਆ ਸੀ। ਨਵਾਂ ਨੀਲਾ ਸੂਟ ਇੰਝ ਲੱਗ ਰਿਹਾ ਸੀ ਜਿਵੇਂ ਸੂਟ ਦਾ ਉਸਦੇ ਸ਼ਰੀਰ ਨਾਲ ਕੋਈ ਮੇਲ ਨਾ ਹੋਵੇ।

ਗੌਰਵ ਜਦੋਂ ਇਹ ਸੂਟ ਪਟਿਆਲੇ ਤੋਂ ਲਿਆਇਆ ਸੀ ਤਾਂ ਵਨੀਤਾ ਅੱਗੇ ਸੂਟ ਕਰਦਿਆਂ ਉਸਨੇ ਕਿਹਾ ਸੀ, "ਆਹ ਚੱਕ! ਹੁਣ ਤਾਂ ਖੁਸ਼ ਐਂ ਨਾ!!"

ਵਨੀਤਾ ਨੇ ਵਰਾਛਾਂ ਫੈਲਾਈਆਂ ਸਨ, ਜਿਵੇਂ ਮੁਸਕੁਰਾਉਣ ਦੀ ਕੋਸ਼ਿਸ਼ ਕਰ ਰਹੀ ਹੋਵੇ।

ਬਾਹਰ ਜਾਣ ਤੋਂ ਬਾਅਦ ਗੌਰਵ ਨੂੰ ਮੰਮੀ ਦੀ ਮੱਧਮ ਆਵਾਜ਼ ਸੁਣਾਈ ਦਿੱਤੀ ਸੀ, "ਚੰਗੈ! ਚੱਲ, ਕੁਸ਼ ਤਾਂ ਲੈ ਕੇ ਆਇਐ!"

"ਆਏਂ ਤਾਂ, ਇਹ ਇਸ ਗੱਲੋਂ ਨਹੀਂ ਮਾੜੇ! ਪਿਛਲੀ ਵਾਰ ਸ਼ਿਮਲੇ ਤੋਂ ਪਰਸ ਲਿਆਏ ਸੀ।"

ਤੇ ਅੱਗੋਂ ਮੰਮੀ ਦੀ ਆਵਾਜ਼ ਨਹੀਂ ਸੁਣਾਈ ਦਿੱਤੀ। "ਕਹਿ ਰਹੇ ਹੋਣਗੇ, ਕਦੋਂ ਤੱਕ ਇਹਨਾਂ ਭੁਲੇਖਿਆਂ ਨੂੰ ਪਾਲੇਂਗੀ!" ਗੌਰਵ ਨੇ ਅੰਦਾਜ਼ਾ ਲਾਇਆ।

ਹਰ ਵਾਰ ਟੂਰ ਦੌਰਾਨ ਸਾਰਾ ਸਟਾਫ ਪਤਨੀਆਂ ਤੇ ਬੱਚਿਆਂ ਲਈ ਤੋਹਫੇ ਖਰੀਦਦਾ ਸੀ। ਗੌਰਵ ਵੀ ਕੁਝ ਨਾ ਕੁਝ ਲੈ ਲੈਂਦਾ—ਕਦੇ ਸੂਟ, ਕਦੇ ਪਰਸ ਤੇ ਕਦੇ ਕੁੱਝ ਹੋਰ। ਇਸ ਤਰ੍ਹਾਂ ਨਾ ਕਰਨਾ ਉਸ ਨੂੰ ਅਜੀਬ ਲੱਗਦਾ ਸੀ।

"ਉਹਨੂੰ, ਆਪਣੀ ਮਾਂ ਨੂੰ, ਬਥੇਰਾ ਕੁਸ਼ ਖਵਾਈ ਜਾਂਦੈ!" ਗੌਰਵ ਨੇ ਮੰਮੀ ਦੇ ਇਹ ਬੋਲ ਆਪਣੀ ਪਿੱਠ ਪਿੱਛੋਂ ਕਈ ਵਾਰ ਸੁਣੇ ਸਨ। ਜਵਾਨ ਤੇ ਕਮਾਊ ਪੁੱਤ ਦੇ ਮੂੰਹ ਤੇ ਇਹ ਗੱਲਾਂ ਆਖਣ ਦੀ ਮੰਮੀ ਵਿੱਚ ਹਿੰਮਤ ਨਹੀਂ ਸੀ।

ਹਿੰਮਤ ਤਾਂ ਗੌਰਵ ਵਿੱਚ ਵੀ ਨਹੀਂ ਸੀ ਕਿ ਉਹ ਮੰਮੀ ਦੀ ਕਿਸੇ ਗੱਲ ਦਾ ਮੋੜਵਾਂ ਜਵਾਬ ਦੇ ਸਕੇ। ਨਾ ਹੀ ਕਦੇ ਉਸਨੇ ਵਨੀਤਾ ਨੂੰ ਉੱਚਾ ਬੋਲਿਆ ਸੀ।

ਸਿਰਫ਼ ਇਕ ਵਾਰ ਉਸਨੇ ਡੈਡੀ ਨੂੰ, ਰੋਟੀ ਖਾਂਦਿਆਂ, ਇੰਨਾ ਹੀ ਆਖਿਆ ਸੀ, "ਇਹ ਇੰਡੀਅਨ ਔਰਤਾਂ ਵੀ ਘਰਵਾਲੇ ਨਾਲ ਚਿਪਕੀਆਂ ਈ ਰਹਿੰਦੀਆਂ ਨੇ!"

ਮਜ਼ਾਕ ਭਰੇ ਜਵਾਬ ਦੀ ਉਡੀਕ ਵਿੱਚ ਉਹ ਡੈਡੀ ਵੱਲ ਝਾਕਿਆ ਸੀ।

ਡੈਡੀ ਨੇ ਮੂੰਹ ਵਿੱਚ ਬੁਰਕੀ ਪਾਈ ਤੇ ਉਸ ਵੱਲ ਝਾਕੇ। ਕੁਝ ਦੇਰ ਸੋਚਣ ਤੋਂ ਬਾਅਦ ਬੋਲੇ, “ਹਾਲੀਂ, ਪੁੱਤ, ਤੈਨੂੰ ’ਗਾਂਹ ਜਾ ਕੇ ਪਤਾ ਲੱਗੂ!”

ਤੇ ਗੌਰਵ ਦੀ ਰੋਟੀ ਦਾ ਸਵਾਦ ਬਕਬਕਾ ਹੋ ਗਿਆ ਸੀ।

“ਕਦੇ ਹੱਸ ਵੀ ਪਿਆ ਕਰ!” ਅਕਸਰ ਹੀ ਉਹ ਵਨੀਤਾ ਨੂੰ ਕਹਿੰਦਾ ਰਹਿੰਦਾ।

ਵਨੀਤਾ ਮੁਸਕੁਰਾਉਣ ਲਈ ਵਰਾਛਾਂ ਤਾਂ ਖਿਲਾਰਦੀ, ਪਰ ਉਸਦੀਆਂ ਅੱਖਾਂ ਤੇ ਚਿਹਰਾ ਸਾਥ ਨਾ ਦਿੰਦੇ।

“ਏਸ ਘਰ ’ਚ ਤਾਂ ਆਹੀ ਕੁਸ਼ ਰਹੂ!” ਗੌਰਵ ਨਿਰਾਸ਼ ਹੋ ਕੇ ਕਮਰੇ ਵਿੱਚੋਂ ਬਾਹਰ ਨਿਕਲ ਜਾਂਦਾ।

“ਇਹ ਸਭ ਉਸ ਡੈਣ ਦਾ ਕੀਤਾ ਕਰਾਇਐ! ਉਸੇ ਕਰਕੇ ਤਾਂ ਇਹਨੇ ਬਠਿੰਡੇ ਬਦਲੀ ਕਰਵਾਈ ਐ!” ਮੰਮੀ ਅਕਸਰ ਕੁੜ੍ਹਦੀ ਰਹਿੰਦੀ ਸੀ।

ਅੱਜ ਗੌਰਵ ਦਾ ਚਿਹਰਾ ਕੁਝ ਮੁਰਝਾਇਆ ਲੱਗ ਰਿਹਾ ਸੀ।

ਰਾਤ ਪਹਿਲੀ ਵਾਰ ਗੌਰਵ ਦੇ ਮੂੰਹ ’ਚੋਂ ਸ਼ਰਾਬ ਦੀ ਬਦਬੂ ਆਈ ਸੀ। ਵਿਆਹ ਤੋਂ ਬਾਅਦ ਅੱਜ ਤੱਕ ਤਾਂ ਵਨੀਤਾ ਨੇ ਉਸਨੂੰ ਇੱਕ-ਦੋ ਵਾਰ ਸਿਰਫ ਬੀਅਰ ਪੀਂਦਿਆਂ ਹੀ ਵੇਖਿਆ ਸੀ।

ਬਠਿੰਡੇ ਤੋਂ ਵੀ ਰਾਤੀਂ ਉਹ ਛੇਤੀ ਹੀ ਮੁੜ ਆਇਆ ਸੀ। “ਇਹ, ਸਾਲੀ, ਔਰਤ ਜਾਤ ਹੈ ਈ ਬੇਵਫਾ...!” ਕਿੰਨੀ ਦੇਰ ਉਹ ਬੁੜਬੁੜਾਉਂਦਾ ਰਿਹਾ ਸੀ।

“ਆਹ ਗੱਡੀ ਕਸ਼ਪ ਭਾਅ ਜੀ ਦੀ ਨੀ?....,” ਡਰਾਇਵਰ ਨੇ ਗੱਡੀ ਵਿਚਲੀ ਚੁੱਪ ਤੋੜੀ, “...ਮੂਹਰੇ ਆਲੀ ਟਾਕੀ ਖੁੱਲ੍ਹੀ ਐ!”

“ਹਾਂ! ਲੱਗਦਾ ਤਾਂ ਕਸ਼ਯਪ ਈ ਐ!” ਗੌਰਵ ਨੇ ਗ਼ੌਰ ਨਾਲ ਵੇਖਣ ਦੀ ਕੋਸ਼ਿਸ਼ ਕੀਤੀ।

ਕਸ਼ਯਪ ਦੀ ਪਤਨੀ ਅੱਗੇ ਵਾਲੀ ਸੀਟ ਤੇ ਬੈਠੀ ਸੀ, ਕਸ਼ਯਪ ਕਾਰ ਚਲਾ ਰਿਹਾ ਸੀ।

ਗੌਰਵ ਦਾ ਹੱਥ ਕਾਹਲੀ ਨਾਲ ਪੈਂਟ ਦੀ ਜੇਬ ਵਿੱਚ ਗਿਆ। ਮੋਬਾਈਲ ਕੱਢਦਿਆਂ ਹੀ ਉਸ ਨੇ ਨੰਬਰ ਫਰੋਲਣੇ ਸ਼ੁਰੂ ਕਰ ਦਿੱਤੇ।

“ਕਸ਼ਯਪ ਸਾਹਿਬ! ਲੱਗਦੈ, ਅੱਜ ਆਪਣੀ ਮੈਡਮ ਨੂੰ ਸੁੱਟਣ ਚੱਲੇ ਓਂ!... ,” ਫੋਨ ਮਿਲਦਿਆਂ ਹੀ ਗੌਰਵ ਨੇ ਬੋਲਣਾ ਸ਼ੁਰੂ ਕੀਤਾ, “ਪਰ ਲੱਖ ਜਨਾਨੀਆਂ ਲੱਭ ਲਿਉ, ਘਰਵਾਲੀ ਈ ਆਪਣੀ ਹੁੰਦੀ ਐ!.... ”

ਫੋਨ ਬੰਦ ਕਰਕੇ ਗੌਰਵ ਨੇ ਮੁੜ ਅੰਦਰਲੇ ਸ਼ੀਸ਼ੇ ਰਾਹੀਂ ਵਨੀਤਾ ਤੇ ਨਜ਼ਰ ਮਾਰੀ।

“.... ਸਰ, ਹੁਣ ਤਾਂ ਲੋਕਲ ਬ੍ਰਾਂਚ ‘ਚ ਬਦਲੀ ਕਰਵਾ ਲੋ,” ਡਰਾਈਵਰ ਨੇ ਬਿਨਾ ਗੌਰਵ ਵੱਲ ਤੱਕਿਆਂ ਕਿਹਾ,“... ਤੁਸੀਂ ਕਹਿ ਰਹੇ ਸੀ, ਨਾ, ਲੋਕਲ ਬ੍ਰਾਂਚ ਖਾਲੀ ਪਈ ਐ...”

“ਹਾਂ, ਯਾਰ, ਬੱਸ ਸੋਮਵਾਰ ਨੂੰ ਐਪਲੀਕੇਸ਼ਨ ਭੇਜਦਾ ਆਂ!... ਦੂਜੇ ਸ਼ਹਿਰ ’ਚ ਕਿਉਂ ਧੱਕੇ ਖਾਣੇ ਐ!”

“ਕਸ਼ਯਪ ਭਾਅ ਜੀ ਤਾਂ ਗੁਰਦਾਸ ਮਾਨ ਬਣੀ ਫਿਰਦੇ ਨੇ!” ਵਨੀਤਾ ਕਹਿ ਕੇ ਚੁੱਪ ਕਰ ਗਈ।

ਗੌਰਵ ਨੇ ਇੱਕ ਵਾਰ ਫਿਰ ਸ਼ੀਸ਼ੇ ਰਾਹੀਂ ਉਸ ਤੇ ਨਜ਼ਰ ਮਾਰੀ।

ਸਾਰੀ ਗੱਡੀ ਵਿੱਚ ਹਾਸਾ ਛਿੜ ਪਿਆ।

# ਹੱਥ ਦਾ ਛਾਲਾ

ਬਾਹਰ ਨਿਕਲਦਿਆਂ ਹੀ ਰੁਪਿੰਦਰ ਨੇ ਪਹਿਲਾਂ ਆਪਣੀ ਹਥੇਲੀ ਵੱਲ ਮੁੜ ਤੋਂ ਦੇਖਿਆ ਤੇ ਫਿਰ ਕਲੀਨਿਕ ਦੇ ਬੋਰਡ ਤੇ ਲਿਖੇ ਡਾਕਟਰ ਦੇ ਨਾਂ ਨੂੰ ਦੁਬਾਰਾ ਪੜ੍ਹਿਆ। ਡਾਕਟਰ ਦੇ ਨਾਂ ਹੇਠ ਐਮ. ਬੀ. ਬੀ. ਐਸ. ਤੇ ਇੱਕ ਮੈਡੀਕਲ ਡਿਪਲੋਮਾ ਲਿਖਿਆ ਹੋਇਆ ਸੀ। ਰੁਪਿੰਦਰ ਨੂੰ ਹਾਲੀਂ ਵੀ ਡਾਕਟਰ ਦੀਆਂ ਗੱਲਾਂ ਨਾਲ ਤਸੱਲੀ ਨਹੀਂ ਸੀ ਹੋਈ। ਸਾਰੀ ਰਾਤ ਤਾਂ ਉਸ ਦੀ ਪਾਸੇ ਲੈਂਦਿਆਂ ਲੰਘੀ ਸੀ ਤੇ ਡਾਕਟਰ ਨੂੰ ਕੁਝ ਵੀ ਜ਼ਿਆਦਾ ਸਮੱਸਿਆਜਨਕ ਨਹੀਂ ਸੀ ਨਜ਼ਰ ਆ ਰਿਹਾ।

ਰਾਣੀ ਨੇ ਪਹਿਲਾਂ ਜਦੋਂ ਉਸਨੂੰ ਇਸ ਡਾਕਟਰ ਕੋਲ ਜਾਣ ਲਈ ਕਿਹਾ ਸੀ, ਉਦੋਂ ਰੁਪਿੰਦਰ ਨੇ ਬਹੁਤਾ ਗੌਲ਼ਿਆ ਨਹੀਂ ਸੀ। ਪਰ ਰਾਤੀਂ, ਪਤਾ ਨਹੀਂ ਕਿਉਂ, ਡੈਡੀ ਦੇ ਕਹੇ ਸ਼ਬਦ ਉਸ ਦੇ ਕੰਨਾਂ ਵਿੱਚ ਮੁੜ-ਮੁੜ ਗੂੰਜਦੇ ਰਹੇ ਤੇ ਹੱਥ ਵਿੱਚ ਚੀਸਾਂ ਪੈਂਦੀਆਂ ਮਹਿਸੂਸ ਹੁੰਦੀਆਂ ਰਹੀਆਂ।

"ਵੈਸੇ, ਡਾਕਟਰ ਦੀ ਗੱਲ ਠੀਕ ਵੀ ਹੋ ਸਕਦੀ ਐ!" ਤੇ ਰੁਪਿੰਦਰ ਨੂੰ ਇੱਕ ਕਿਤਾਬ 'ਚ ਪੜ੍ਹੀ ਇੱਕ ਬੰਦੇ ਦੀ ਕਹਾਣੀ ਯਾਦ ਆ ਗਈ, ਜਿਸਨੂੰ ਸ਼ੱਕ ਸੀ ਕਿ ਉਸਨੂੰ ਦਿਲ ਦੀ ਬਿਮਾਰੀ ਸੀ ਤੇ ਵੱਖ-ਵੱਖ ਡਾਕਟਰਾਂ ਤੋਂ ਚੈਕ ਕਰਵਾਉਣ ਤੋਂ ਬਾਅਦ ਵੀ ਉਹਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਉਸ ਦੀ ਰਿਪੋਰਟ ਬਿਲਕੁਲ ਠੀਕ-ਠਾਕ ਆ ਰਹੀ ਸੀ। ਰੁਪਿੰਦਰ ਹਾਲੀਂ ਵੀ ਆਖ਼ਰੀ ਨਤੀਜੇ ਤੇ ਨਹੀਂ ਸੀ ਪਹੁੰਚਿਆ ਕਿ ਡਾਕਟਰ ਠੀਕ ਕਹਿ ਰਿਹਾ ਸੀ ਜਾਂ ਨਹੀਂ। "ਸ਼ਾਇਦ ਅਮਨ ਕਰਕੇ ਹੀ ਬੇਚੈਨੀ ਮਹਿਸੂਸ ਹੋ ਰਹੀ ਹੋਵੇ!" ਅਮਨ ਦਾ ਖ਼ਿਆਲ ਆਉਂਦਿਆਂ ਹੀ ਚਾਚੇ ਬਾਰੇ ਡੈਡੀ ਦੇ ਕਹੇ ਸ਼ਬਦ ਉਸ ਦੇ ਕੰਨਾਂ ਵਿੱਚ ਫਿਰ ਤੋਂ ਗੂੰਜੇ, "ਕਰਤਾਰ ਤਾਂ ਮੇਰੇ ਹੱਥ ਦਾ ਛਾਲਾ ਬਣ ਗਿਐ!!"

ਰਾਤੀਂ ਜਦੋਂ ਰੁਪਿੰਦਰ ਨੇ ਹਿੰਮਤ ਇਕੱਠੀ ਕਰਕੇ ਅਮਨ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅਮਨ ਲਾਵੇ ਵਾਂਗ ਫੁੱਟ ਪਿਆ, "ਮੈਨੂੰ ਨ੍ਹੀ ਲੋੜ ਪੜ੍ਹਾਈ ਦੀ!....... ਮੈਨੂੰ ਜੋ ਠੀਕ ਲੱਗੂ, ਮੈਂ ਉਹੀ ਕਰੂੰ!"

ਪਹਿਲਾਂ ਜਦੋਂ ਵੀ ਉਸ ਨੇ ਰਾਣੀ ਕੋਲ ਅਮਨ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਉਸ ਨੇ ਅਣਗੌਲਿਆਂ ਕਰ ਦਿੱਤਾ ਸੀ। "ਸ਼ਾਇਦ ਉਹ ਵੀ ਮੰਮੀ ਵਾਂਗ ਸੋਚਦੀ ਐ!"

ਰੁਪਿੰਦਰ ਚੁੱਪ ਕਰ ਗਿਆ ਸੀ। "ਮੇਰੇ ਬੜੇ ਮੁੰਡੇ ਦਾ ਤਾਂ ਜਮ੍ਹੀਂ ਚਿੜੀ ਜਿੰਨਾਂ ਦਿਲ ਐ!" ਮੰਮੀ ਰੁਪਿੰਦਰ ਬਾਰੇ ਕਿਹਾ ਕਰਦੀ ਸੀ।

ਕਈ ਵਾਰ ਅਮਨ ਦਾ ਵਰਤਾਰਾ ਵੇਖ ਕੇ ਰੁਪਿੰਦਰ ਦੀਆਂ ਅੱਖਾਂ ਅੱਗੇ ਕਾਲਜ

'ਚ ਯੂਨੀਅਨ ਵਾਲੇ ਮੁੰਡੇ ਘੁੰਮ ਜਾਂਦੇ ਸੀ। ਵਿਦਿਆਰਥੀਆਂ ਦੀ ਹੜਤਾਲ ਸਮੇਂ ਰੁਪਿੰਦਰ ਨੇ ਉਹਨਾਂ ਤੇ ਪੁਲਿਸ ਦੀ ਕੁੱਟ ਪੈਂਦੀ ਆਪਣੇ ਅੱਖੀਂ ਵੇਖੀ ਸੀ। ਕਈਆਂ ਤੇ ਸੱਚੇ-ਝੂਠੇ ਕੇਸ ਵੀ ਬਣ ਗਏ ਸਨ।

ਅਮਨ ਵੀ ਕਈ ਵਾਰ ਉਹਨਾਂ ਜਿਹੀਆਂ ਹਰਕਤਾਂ ਕਰਨ ਲੱਗ ਪੈਂਦਾ ਸੀ। "ਆਪਾਂ ਨੇ ਵੀ, ਬਾਈ, ਭਗਤ ਸਿੰਘ ਆਂਗੂੰ ਮਹਾਨ ਕੰਮ ਕਰਕੇ ਜਾਣੈ ਜੱਗ ਤੋਂ!" ਅਮਨ ਇੱਕ ਦਿਨ ਆਪਣੇ ਇੱਕ ਦੋਸਤ ਕੋਲ ਕਹਿ ਰਿਹਾ ਸੀ।

ਅਮਨ ਦੀ ਗੱਲ ਸੁਣਕੇ ਰੁਪਿੰਦਰ ਤੋਂ ਚੁੱਪ ਨਾ ਰਿਹਾ ਗਿਆ ਤੇ ਉਸ ਨੇ ਆਪਣਾ ਗ਼ੁਬਾਰ ਰਾਣੀ ਕੋਲ ਕੱਢਿਆ। "ਏਹ ਮੁੰਡਾ ਗਲਤ ਰਾਹ ਤੇ ਤੁਰ ਪਿਐ, ਮੈਂ ਤੈਨੂੰ ਦੱਸਾਂ!" ਉਸ ਦੀਆਂ ਗੱਲਾਂ ਸੁਣ ਕੇ ਰਾਣੀ ਹੱਸ ਪਈ ਸੀ, "ਭਗਤ ਸਿੰਘ ਤਾਂ ਫੈਸ਼ਨ ਬਣ ਗਿਐ ਅੱਜ-ਕੱਲ੍ਹ!"

ਜਦੋਂ ਤੋਂ ਅਮਨ ਦੀ ਥਾਣੇ 'ਚ ਸ਼ਿਕਾਇਤ ਵਾਲੀ ਘਟਨਾ ਹੋਈ ਸੀ, ਰੁਪਿੰਦਰ, ਰਾਣੀ ਰਾਹੀਂ ਹੀ ਉਸ ਨਾਲ ਗੱਲ ਕਰਨ 'ਚ ਭਲਾਈ ਸਮਝਦਾ ਸੀ। ਅਮਨ ਬਜ਼ਾਰ 'ਚ ਕਿਸੇ ਮੁੰਡੇ ਨਾਲ ਲੜ ਪਿਆ ਸੀ ਤੇ ਮਾਮਲਾ ਥਾਣੇ ਪਹੁੰਚ ਗਿਆ ਸੀ। ਬੜੀ ਮੁਸ਼ਕਿਲ ਰਾਜ਼ੀਨਾਮਾ ਹੋਇਆ ਸੀ।

ਘਰ ਪਹੁੰਚ ਕੇ ਰੁਪਿੰਦਰ ਨੇ ਅਮਨ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, "ਕੀ ਲੋੜ ਸੀ ਤੈਨੂੰ ਪੰਗਾ ਲੈਣ ਦੀ?........"

"........ਅੱਖਾਂ ਕਿਵੇਂ ਕੱਢਦਾ ਸੀ ਉਹ!.......", ਅੱਗੋਂ ਅਮਨ ਜਿਵੇਂ ਭਰਿਆ-ਪੀਤਾ ਬੈਠਾ ਸੀ, "......... ਮੈਥੋਂ ਨੀ ਧੌਂਸ ਝੱਲੀ ਜਾਂਦੀ ਕਿਸੇ ਦੀ!" ਅਮਨ 'ਚੋਂ ਰੁਪਿੰਦਰ ਨੂੰ ਚਾਚੇ ਦਾ ਝਲਕਾਰਾ ਪਿਆ ਸੀ।..........

ਉਦੋਂ ਰੁਪਿੰਦਰ ਚੌਥੀ 'ਚ ਪੜ੍ਹਦਾ ਸੀ।.........

"ਕਿਹੜੀ ਮਾਂ ਦਾ ਦੁੱਧ ਪੀਤੈ, ਤੈਂ, ਜ਼ੋਰਾ ਸਿੰਹਾਂ! ਦੁਸ਼ਮਣ ਥੋਡੇ ਸੀਨੇ ਤੋਂ ਟੱਪ ਕੇ ਲੰਘ ਗਿਆ, ਤੇ ਖ਼ੂਨ ਤੱਕ ਨੀ ਖੌਲਿਆ ਥੋਡੇ ਵਰਗਿਆਂ ਦਾ!" ਡੈਡੀ ਅੱਗੇ ਅੱਖ ਤੱਕ ਨਾ ਚੁੱਕਣ ਵਾਲਾ ਚਾਚਾ ਹੌਲੀ-ਹੌਲੀ ਬਰਾਬਰ ਬੋਲਣ ਲੱਗ ਪਿਆ ਸੀ।

ਅਖੀਰ ਚਾਚਾ ਘਰੋਂ ਦੌੜ ਗਿਆ ਸੀ। ਕਈ ਵਾਰ ਉਹ ਡੈਡੀ ਦੀ ਗੈਰਹਾਜ਼ਰੀ 'ਚ ਰੁਪਿੰਦਰ ਨੂੰ ਵੇਖਣ ਆ ਜਾਂਦਾ ਸੀ। "ਚਾਚੇ ਦੇ ਹੁੰਦੇ ਮੇਰੇ ਸ਼ੇਰ ਨੂੰ ਕਿਸੇ ਤੋਂ ਡਰਨ ਦੀ ਲੋੜ ਨੀ!" ਚਾਚਾ ਤਾਂ ਭਾਵੇਂ ਕਹਿ ਦਿੰਦਾ ਪਰ ਪਹਿਲਾਂ ਵਾਂਗੂੰ ਸਾਈਕਲ ਤੇ ਘੁਮਾਉਣ ਦੀ ਥਾਂ ਉਸ ਦਾ ਇਸ ਤਰ੍ਹਾਂ ਮਿਲਣਾ ਕਈ ਵਾਰ ਰੁਪਿੰਦਰ ਨੂੰ ਡਰਾ ਦਿੰਦਾ ਸੀ।

"ਕਰਤਾਰਿਆ! ਰਾਜੇ, ਮਹੌਲ ਠੀਕ ਨੀ......... ਬਚਕੇ ਰਿਹਾ ਕਰ!........ ਘਰ ਮੁੜ ਆ, ਮੈਂ ਤਾਂ ਕਹਿਨੀ ਆਂ!" ਮੰਮੀ ਚਾਚੇ ਨੂੰ ਸਮਝਾਉਂਦਿਆਂ ਥੱਕ ਗਈ ਸੀ।

"ਸ਼ੇਰ ਹਵਾਵਾਂ ਦਾ ਰੁਖ ਦੇਖ ਕੇ ਨੀ ਡਰਿਆ ਕਰਦੇ, ਭਾਬੀ!"………

ਰੁਪਿੰਦਰ ਨੂੰ ਚਾਚੇ ਦੀ ਮੌਤ ਵਾਲਾ ਦਿਨ ਯਾਦ ਆ ਗਿਆ… ਤੇ ਉਹਨਾਂ ਦੇ ਘਰ ਦੇ ਬਾਹਰ ਜਮ੍ਹਾਂ ਹੋਈ ਭੀੜ ਵੀ।……

ਪਿੰਡ ਦੇ ਗਵਾਂਢੀ ਮੁੰਡੇ ਉਸਨੂੰ ਸਕੂਲੋਂ ਛੇਤੀ ਛੁੱਟੀ ਕਰਵਾ ਲਿਆਏ ਸਨ।…… ਜਦੋਂ ਉਹ ਡੌਰ-ਭੌਰ ਹੋਇਆ ਘਰ ਅੰਦਰ ਵੜਿਆ ਸੀ ਤਾਂ ਉਸਨੂੰ ਬੁੱਢੀਆਂ ਦੇ ਵੈਣ ਸੁਣਾਈ ਦਿੱਤੇ ਸੀ……… ਵਰਾਂਢੇ ਵਿੱਚ ਚਾਚੇ ਦੀ ਲੋਥ ਸਫੈਦ ਕੱਪੜੇ 'ਚ ਲਪੇਟੀ ਪਈ ਸੀ।

ਡੈਡੀ, ਸਰਪੰਚ ਤੇ ਕਈ ਹੋਰ ਬੰਦੇ ਥਾਣੇ 'ਚੋਂ ਵਾਪਿਸ ਆਏ ਸੀ ਤੇ ਕੁਝ ਪੁਲਿਸ ਵਾਲੇ ਲਿਖਤ-ਪੜ੍ਹਤ 'ਚ ਰੁਝੇ ਹੋਏ ਸੀ। 'ਮੁਕਾਬਲਾ' ਸ਼ਬਦ ਰੁਪਿੰਦਰ ਨੇ ਕਈਆਂ ਦੇ ਮੂੰਹੋਂ ਸੁਣਿਆ ਸੀ।……

……… ਉਸ ਦਿਨ ਗੱਡੀ ਦੇ ਪਿਛਲੇ ਪਾਸੇ 'ਬਾਬੇ' ਦੀ ਤਸਵੀਰ ਲੱਗੀ ਵੇਖ ਕੇ ਰੁਪਿੰਦਰ ਉਸੇ ਤਰ੍ਹਾਂ ਕੰਬ ਗਿਆ ਸੀ। ਉਹਨੇ ਆਪਣਾ ਗੁਬਾਰ ਰਾਣੀ ਕੋਲ ਕੱਢਿਆ ਸੀ, "ਇਹਨੂੰ ਕਹਿ, ਅੱਗੇ ਅਡਮਿਸ਼ਨ ਲੈ-ਲੇ ਐਮ. ਏ. 'ਚ!…… ਨਹੀਂ ਤਾਂ, ਮੈਂ ਇਹਨੂੰ ਘਰੋਂ ਕੱਢ ਦੇਣੈ!……"

ਰਾਣੀ ਨੇ ਪਾਣੀ ਦਾ ਗਲਾਸ ਉਹਦੇ ਅੱਗੇ ਕੀਤਾ ਸੀ, "ਪਹਿਲਾਂ ਸ਼ਾਂਤੀ ਨਾਲ ਬੈਠ ਕੇ ਪਾਣੀ ਪੀਓ!…… ਬਹੁਤਾ ਅਪ-ਸੈਟ ਅਮਨ ਉਦੋਂ ਦਾ ਹੋਇਐ, ਜਦੋਂ ਤੋਂ ਪ੍ਰੋਫੈਸਰ ਦਾ ਮੁੰਡਾ ਲੈਫਟੀਨੈਂਟ ਲੱਗਿਐ!"

ਰੁਪਿੰਦਰ ਨੂੰ ਇੰਨਾ ਤਾਂ ਪਤਾ ਸੀ ਕਿ ਸੀ.ਡੀ.ਐਸ. 'ਚੋਂ ਦੋ ਵਾਰ ਰਿਜੈਕਟ ਹੋ ਜਾਣ ਤੋਂ ਬਾਅਦ ਅਮਨ ਨੇ ਪੜ੍ਹਾਈ ਤੋਂ ਮੂੰਹ ਮੋੜ ਲਿਆ ਸੀ। ਕਾਲਜ 'ਚ ਅਮਨ ਸ਼ੁਦਾਈਆਂ ਵਾਂਗ ਐਨ.ਸੀ.ਸੀ. ਦੀਆਂ ਪਰੇਡਾਂ ਕਰਦਾ ਰਿਹਾ ਸੀ। ਕੈਂਪ ਲਾਉਣ ਕਦੇ ਇਧਰ ਤੇ ਕਦੇ ਉਧਰ ਤੁਰਿਆ ਰਹਿੰਦਾ, ਪਰ ਐਨ.ਸੀ.ਸੀ. ਦੇ ਇੰਚਾਰਜ ਪ੍ਰੋਫੈਸਰ ਦੇ ਮੁੰਡੇ ਦੀ ਅਸਰ-ਰਸੂਖ ਦੇ ਬਲਬੂਤੇ ਫੌਜ 'ਚ ਦਾਖਲੇ ਦਾ ਰੁਪਿੰਦਰ ਨੂੰ ਰਾਣੀ ਕੋਲੋਂ ਹੁਣ ਹੀ ਪਤਾ ਲੱਗਿਆ ਸੀ।……… ਇਸੇ ਲਈ ਰਾਤੀਂ ਉਸ ਨੇ ਪਿਆਰ ਨਾਲ ਅਮਨ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ।……

ਰਸੋਈ ਦੀ ਖਿੜਕੀ 'ਚੋਂ ਰਾਣੀ ਦਾ ਚਿਹਰਾ ਨਜ਼ਰੀਂ ਪੈਂਦਿਆਂ ਹੀ ਰੁਪਿੰਦਰ ਨੇ ਇੱਕ ਵਾਰ ਫਿਰ ਆਪਣੀ ਹਥੇਲੀ ਵੱਲ ਵੇਖਿਆ।

ਕਮਰੇ ਅੰਦਰ ਵੜਦਿਆਂ ਰਾਣੀ ਦੀ ਆਵਾਜ਼ ਨਾਲ ਉਸਦੀਆਂ ਸੋਚਾਂ ਦੀ ਲੜੀ 'ਚ ਵਿਘਨ ਪਿਆ, "ਕੀ ਕਹਿੰਦਾ ਡਾਕਟਰ?"

ਰੁਪਿੰਦਰ ਉਸਦੀ ਗੱਲ ਗੌਲ਼ੇ ਬਿਨਾਂ ਸੋਫੇ ਤੇ ਬੈਠ ਗਿਆ।

ਰਾਣੀ ਕਮਰੇ ਦੇ ਦਰਵਾਜ਼ੇ 'ਚ ਖੜ੍ਹੀ ਸੀ।

ਰੁਪਿੰਦਰ ਨੇ ਖਿਆਲਾਂ ਦੇ ਘੇਰੇ ਅੰਦਰੋਂ ਹੀ ਪੁੱਛਿਆ, "ਅਮਨ……?"

"........ ਚਲਾ ਗਿਆ ਯੂਨੀਵਰਸਿਟੀ। ਫੀਸ ਵੀ ਲੈ ਗਿਆ......!" ਰਾਣੀ ਸਫਲਤਾ ਦੇ ਰੌਂਅ 'ਚ ਮੁਸਕਰਾਈ।

ਰੁਪਿੰਦਰ ਦੇ ਕਸੇ ਹੋਏ ਭਰਵੱਟੇ ਢਿੱਲੇ ਹੋਏ ਤੇ ਉਸਨੇ ਰਾਣੀ ਵੱਲ ਵੇਖਿਆ, "........ ਡਾਕਟਰ ਕਹਿੰਦਾ ਛਾਲਾ ਤਾਂ ਲੱਗਭਗ ਸੁੱਕਿਆ ਪਿਐ।"

"....... ਮੈਂ ਤਾਂ ਤੁਹਾਨੂੰ ਪਹਿਲਾਂ ਈ ਕਿਹਾ ਸੀ, ਬਈ, ਦਰਦ ਤਾਂ ਥੋੜਾ ਵਹਿਮ ਐ!"

"......... ਜ਼ਖਮ ਡੂੰਘਾ ਸੀ, ਰਾਣੀ,......... ਮੈਨੂੰ ਡਰ ਸੀ ਦੁਬਾਰਾ ਨਾ ਉਚੜ ਪਏ........!"

❑ ❑ ❑